SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

60
April-June 2026

ਆਓ ਰਲ-ਮਿਲ ਭੰਗੜੇ ਪਾਈਏ ਜਸ਼ਨ ਵਿਸਾਖੀ ਦਾ ਮਨਾਈਏ।



- ਸੈਣੀ ਭਵਨ ਦੀਆਂ ਸਰਗਰਮੀਆਂ
- ਪਦਾਰਥ ਦਾ ਮੁੱਢਲਾ ਕਣ-ਪਰਮਾਣੂ
- ਸਫ਼ਲ ਸੈਣੀ ਸਖ਼ਸ਼ੀਅਤਾਂ
- ਸਿਹਤਮੰਦ ਰਚਨਾਵਾਂ
- ਸੈਣੀ ਭਵਨ ਦੇ ਦਾਨੀ ਸੱਜਣ
- ਕੁਦਰਤ ਦੇ ਗੁੱਝੇ ਭੇਦ
- ਵਿਗਿਆਨਕ ਜੀਵਨ ਜਾਚ
- ਮੈਟਰੀਮੋਨੀਅਲਜ਼

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

 R.N.I. No. : PUNBIL/2011/48578

Volume - XVI, Issue - II

# Saini Sansar

(Quarterly)

April-June 2026

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner (Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Dr. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| **Subscription / Assistance Money** | **India** | **Abroad** | **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|---|---|---|
| One Copy | ₹ 30 | 2 £, 4 $, 4 € | ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| Annual (Four Copies) | ₹ 100 | 8 £, 15 $, 15 € | ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| For Five Years | ₹ 500 | 40 £, 75 $, 75 € | ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Make any type of Payment Through QR Code & Inform Saini Bhawan

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 04.01.2026**

# ਸੈਣੀ ਸੰਸਾਰ

ਜਿਲਦ 16, ਅੰਕ 2 (ਤਿਮਾਹੀ) ਅਪ੍ਰੈਲ-ਜੂਨ 2026

**ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ**
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

**ਪ੍ਰਿੰਟਿੰਗ ਪ੍ਰੈਸ**
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

**ਪ੍ਰਕਾਸ਼ਨਾ ਸਥਾਨ**
ਸੈਣੀ ਭਵਨ
ਰੂਪਨਗਰ - 140001 (ਪੰਜਾਬ)

**ਮੁੱਖ ਸੰਪਾਦਕ (ਆਨਰੇਰੀ)**
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

**ਸਰਟੀਫਿਕੇਟਸ**

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਵਿਸਾਖੀ ਦੀ ਖੁਸ਼ੀ ਮਨਾਉਂਦੇ ਹੋਏ ਮੁਟਿਆਰਾਂ ਤੇ ਗੱਭਰੂ

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ - ਸੋਸ਼ਲ ਮੀਡੀਆ ਦਾ ਬੱਚਿਆਂ 'ਤੇ ਦੁਰਪ੍ਰਭਾਵ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-7 |
| ਜੀਵਨ ਜਾਚ- ਸਮੇਂ ਦੀ ਕੀਮਤ | 8 |
| ਸੈਣੀ ਕੌਮ ਦੇ ਅਣਗੌਲੇ ਸ਼ਹੀਦ | 9-10 |
| ਗੁਰਬਾਣੀ ਵਿੱਚ ਦੁਬਿਧਾ ਦਾ ਸੰਕਲਪ | 11-14 |
| ਦਾਨੀ ਸੱਜਣ | 14 |
| ਕਵਿਤਾ - ਯਾਦਾਂ | 15 |
| ਸੈਣੀ ਬਰਾਦਰੀ ਦੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਮੈਂਬਰ | 16 |
| ਪਦਾਰਥ ਦਾ ਮੁੱਢਲਾ ਕਣ - ਪਰਮਾਣੂ | 17-18 |
| The Meaningful and Blissful life | 19 |
| ਕਹਾਣੀ - ਮੇਰੇ ਮਹਿਰਮਾ | 20-21 |
| ਕਵਿਤਾਵਾਂ | 22 |
| Story of Success | 23-24 |
| ਅਸੀਂ ਆਖਰੀ ਪੀੜ੍ਹੀ ਦੇ ਲੋਕ | 24-25 |
| ਮੇਰਾ ਪਿੰਡ - ਸੂਰਾਪੁਰ | 26-27 |
| ਕੁਦਰਤ ਦੇ ਗੁੱਝੇ ਭੇਦ | 28 |
| ਲੋੜਵੰਦਾਂ ਦਾ ਮਸੀਹਾ - ਤਰਸੇਮ ਸੈਣੀ | 29 |
| ਸਰਕਾਰਾਂ ਦੀ ਗੈਰ-ਸਰਕਾਰੀ ਸੰਸਥਾਵਾਂ ਪ੍ਰਤੀ ਬੇਰੁਖੀ | 30-31 |
| Matrimonials | 32-39 |
| Management Committee of Saini Bhawan Ropar | 40 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : | 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : | 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : | 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : | 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : | 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : | 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : | 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : | 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫ਼ੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

## ਸੰਪਾਦਕੀ



# ਸੋਸ਼ਲ ਮੀਡੀਆ ਦਾ ਬੱਚਿਆਂ ਤੇ ਦੁਰਪ੍ਰਭਾਵ

ਅਜਮੇਰ ਸਿੰਘ (ਡਾ.)
ਰੂਪਨਗਰ

ਵਿਗਿਆਨ ਨੇ ਮਨੁੱਖ ਦੀ ਸਹੂਲਤ ਲਈ ਅਨੇਕ ਸਾਧਨ ਉਪਲਬਧ ਕਰਵਾਏ ਹਨ ਜਿਨ੍ਹਾਂ ਨਾਲ ਸਮਾਜ ਵਿੱਚ ਕ੍ਰਾਂਤੀਕਾਰੀ ਤਬਦੀਲੀ ਆਈ ਹੈ। ਪਰ ਇਨ੍ਹਾਂ ਦੀ ਬੇਲੋੜੀ ਅਤੇ ਜਬਤਰਹਿਤ ਵਰਤੋਂ ਨੇ ਮਨੁੱਖ ਦੀ ਨਿਜੀ ਸਿਹਤ ਅਤੇ ਸਮਾਜਿਕ ਰਿਸ਼ਤਿਆਂ 'ਤੇ ਦੂਰ ਪ੍ਰਭਾਵ ਪਾਇਆ ਹੈ। ਮੋਬਾਈਲ ਫੋਨ ਵੀ ਅਜਿਹੀ ਕਾਢ ਹੈ ਜਿਸ ਨੇ ਪੂਰੀ ਦੁਨੀਆਂ ਨੂੰ ਬਦਲ ਦਿੱਤਾ ਹੈ। ਇਸ ਦੇ ਸੋਸ਼ਲ ਮੀਡੀਆ, ਖਾਸ ਤੌਰ 'ਤੇ ਫੇਸਬੁੱਕ, ਇੰਸਟਾਗ੍ਰਾਮ ਅਤੇ ਯੂਟਿਊਬ ਵਰਗੇ ਪਲੈਟਫਾਰਮਾਂ ਦਾ ਜਨੂੰਨ ਸਾਡੇ ਬੱਚਿਆਂ ਦੀ ਮਾਨਸਿਕ ਅਤੇ ਸਮਾਜਿਕ ਸਿਹਤ ਨੂੰ ਪ੍ਰਭਾਵਿਤ ਕਰਨ ਲੱਗਾ ਹੈ। ਇਸ ਨੇ ਉਸ ਲਈ ਇੱਕ ਅਜਿਹੇ ਵਰਚੁਅਲ ਸੰਸਾਰ ਦੀ ਰਚਨਾ ਕਰ ਦਿੱਤੀ ਹੈ ਜਿਸ ਨੂੰ ਉਸ ਦਾ ਅੱਲ੍ਹੜ ਮਨ ਸਚਾਈ ਸਮਝ ਬੈਠਾ ਹੈ ਅਤੇ ਉਸ ਨੂੰ ਅਸਲ ਜੀਵਨ ਦੀਆਂ ਦੁਸ਼ਵਾਰੀਆਂ ਤੋਂ ਦੂਰ ਕਰ ਦਿੱਤਾ ਹੈ।

ਕੁੱਝ ਸਮਾਂ ਪਹਿਲਾਂ ਹੀ ਭਾਰਤ ਦੇ ਗਾਜ਼ੀਆਬਾਦ ਸ਼ਹਿਰ ਵਿੱਚ ਤਿੰਨ ਅੱਲੜ੍ਹ ਭੈਣਾਂ ਨੇ ਆਪਣੇ ਅਪਾਰਟਮੈਂਟ ਦੀ ਨੌਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਜਾਨਾਂ ਗੁਆ ਲਈਆਂ। ਇਸ ਦਾ ਕਾਰਨ ਦੱਸਿਆ ਗਿਆ ਕਿ ਉਹ ਸਮਾਰਟ ਮੋਬਾਈਲ ਫੋਨ ਵਰਤਣ ਦੀਆਂ ਆਦੀ ਸਨ ਜਿਸ ਨੂੰ ਉਨ੍ਹਾਂ ਦਾ ਬਾਪ ਪਸੰਦ ਨਹੀਂ ਸੀ ਕਰਦਾ। ਜਦੋਂ ਬਾਪ ਨੇ ਉਨ੍ਹਾਂ ਨੂੰ ਸੋਸ਼ਲ ਮੀਡੀਆ ਵਰਤਣ ਅਤੇ ਔਨਲਾਈਨ ਕੋਰੀਅਨ ਗੇਮ ਖੇਡਣ ਦੀ ਲੱਤ ਲਈ ਝਿੜਕਿਆ ਤਾਂ ਉਹ ਇਸ ਸਦਮੇ ਨੂੰ ਬਰਦਾਸ਼ਤ ਨਾ ਕਰ ਸਕੀਆਂ ਅਤੇ ਉਨ੍ਹਾਂ ਨੇ ਆਪਣੀਆਂ ਕੀਮਤੀ ਜਾਨਾਂ ਖ਼ਤਮ ਕਰਨ ਦਾ ਰਾਹ ਚੁਣ ਲਿਆ। ਅਜਿਹੀਆਂ ਹੋਰ ਵੀ ਕਈ ਅਫ਼ਸੋਸਨਾਕ ਘਟਨਾਵਾਂ ਰੋਜ਼ ਅਖਬਾਰਾਂ ਵਿੱਚ ਪੜ੍ਹਨ ਅਤੇ ਟੀਵੀ 'ਤੇ ਦੇਖਣ ਨੂੰ ਮਿਲਦੀਆਂ ਹਨ। ਇਹੀ ਕਾਰਨ ਹੈ ਕਿ ਅਸਟਰੇਲੀਆ ਸਰਕਾਰ ਨੇ ਆਪਣੇ ਦੇਸ਼ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਕਈ ਯੂਰਪੀਅਨ ਦੇਸ਼ ਇਸੇ ਰਾਹ 'ਤੇ ਚੱਲਣ ਲਈ ਤਿਆਰ ਹਨ। ਭਾਰਤ ਵਿੱਚ ਕਰਨਾਟਕ ਸੂਬੇ ਦੀ ਸਰਕਾਰ ਨੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਲੋਂ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਕੀਤਾ ਹੈ ਅਤੇ ਆਂਧਰਾ ਪ੍ਰਦੇਸ਼ ਸਰਕਾਰ ਵੀ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਅਜਿਹੀ ਪਾਬੰਦੀ ਲਗਾਉਣ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

ਸਮਾਰਟ ਫੋਨ 'ਤੇ ਫਿਲਮਾਂ ਦੇਖਣ, ਗੀਤ ਸੁਣਨ, ਵੀਡੀਓ ਗੇਮਾਂ ਖੇਡਣ, ਵੀਡੀਓ ਬਣਾਉਣ ਆਦਿ ਨੇ ਬੱਚਿਆਂ ਤੋਂ ਬਹੁਤ ਕੁੱਝ ਖੋਹ ਲਿਆ ਹੈ। ਕਿਸੇ ਦੁੱਖ ਜਾਂ ਮੁਸੀਬਤ ਵਿੱਚ ਇੰਟਰਨੈੱਟ 'ਤੇ ਬਣੀਆਂ ਦੋਸਤੀਆਂ ਕੰਮ ਨਹੀਂ ਆਉਂਦੀਆਂ। ਅਜਿਹੀ ਸਥਿਤੀ ਵਿੱਚ ਬੱਚਾ ਇਕੱਲਾ ਰਹਿ ਜਾਂਦਾ ਹੈ। ਇਸ ਇਕਲਾਪੇ ਦੀ ਅਵਸਥਾ ਵਿੱਚ ਉਹ ਮਾਨਸਿਕ ਰੋਗਾਂ ਦੀ ਲਪੇਟ ਵਿੱਚ ਆ ਜਾਂਦਾ ਹੈ। ਸੋਸ਼ਲ ਮੀਡੀਆ 'ਤੇ ਖੁਸ਼ੀਆਂ ਭਾਲਦਾ ਬੱਚਾ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਉੱਕਾ ਹੀ ਵਿਸਾਰ ਦਿੰਦਾ ਹੈ। ਬੱਚੇ ਜਿੰਨਾਂ ਜ਼ਿਆਦਾ ਸਕਰੀਨ ਦੇ ਆਦੀ ਹੁੰਦੇ ਹਨ ਓਨੇ ਹੀ ਅਸਲ ਦੁਨੀਆਂ ਤੋਂ ਕੱਟੇ ਜਾਂਦੇ ਹਨ। ਉਹ ਜਿੰਨਾਂ ਜ਼ਿਆਦਾ ਔਨਲਾਈਨ ਗੇਮਾਂ ਖੇਡਦੇ ਹਨ, ਓਨੇ ਹੀ ਇਕੱਲੇ ਹੁੰਦੇ ਜਾਂਦੇ ਹਨ ਕਿਉਂਕਿ ਉਹ ਖੁਲ੍ਹੀ ਜਗ੍ਹਾ ਵਿੱਚ ਆਪਣੇ ਦੋਸਤਾਂ ਨਾਲ ਫੁੱਟਬਾਲ ਜਾਂ ਕ੍ਰਿਕਟ ਖੇਡਣ ਦੀ ਖੁਸ਼ੀ ਗੁਆ ਬਹਿੰਦੇ ਹਨ। ਉਹ ਜਿੰਨਾ ਜ਼ਿਆਦਾ ਸਕਰੋਲ ਕਰਦੇ ਹਨ, ਓਨਾ ਹੀ ਉਨ੍ਹਾਂ ਦਾ ਧਿਆਨ ਵੰਡਿਆ ਜਾਂਦਾ ਹੈ ਅਤੇ ਜਿੰਨਾਂ ਸਮਾਂ ਉਹ ਵੀਡੀਓ ਗੇਮਾਂ ਨੂੰ ਵਾਇਰਲ ਕਰਨ ਵਿੱਚ ਬਿਤਾਉਂਦੇ ਹਨ, ਓਨਾ ਹੀ ਘੱਟ ਸਮਾਂ ਉਨ੍ਹਾਂ ਨੂੰ ਇੱਕ ਕਿਤਾਬ ਨੂੰ ਛੂਹਣ, ਪੜ੍ਹਨ, ਮਹਿਸੂਸ ਕਰਨ, ਵਿਸ਼ਲੇਸ਼ਣ ਕਰਨ ਅਤੇ ਅਨੁਭਵ ਕਰਨ ਲਈ ਮਿਲਦਾ ਹੈ।

ਸੋਸ਼ਲ ਮੀਡੀਆ ਦੀ ਆਦਤ ਨੇ ਬੱਚਿਆਂ ਦੀ ਸਿਹਤ ਨੂੰ ਵੀ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੀ ਚਿੰਤਾ ਵਧਾ ਦਿੱਤੀ ਹੈ ਅਤੇ ਡਿਪਰੈਸ਼ਨ ਪੈਦਾ ਕੀਤਾ ਹੈ। ਉਨ੍ਹਾਂ ਦੇ ਸਵੈਮਾਣ ਨੂੰ ਠੇਸ ਪਹੁੰਚਾਈ ਹੈ। ਸਮਾਰਟਫੋਨ ਨੇ ਬੱਚਿਆਂ ਨੂੰ ਆਪਣੇ ਆਲੇਦੁਆਲੇ ਤੋਂ ਦੂਰ ਕਰ ਦਿੱਤਾ ਹੈ ਅਤੇ ਅਸਲ ਜੀਵਨ ਦੀ ਦੋਸਤੀ ਦੀ ਥਾਂ ਖੋਖਲੇ ਔਨਲਾਈਨ ਸੰਵਾਦ ਲੈ ਰਹੇ ਹਨ। ਇਸ 'ਉਤਾਵਲੀ ਪੀੜ੍ਹੀ' ਲਈ ਨੀਂਦ ਦੀ ਕਮੀ, ਇਕਾਗਰਤਾ ਦਾ ਟੁੱਟਣਾ ਅਤੇ ਇਕੱਲਾਪਣ ਆਮ ਰੁਝਾਨ ਬਣ ਰਹੇ ਹਨ। ਭਾਰਤ ਦੀ ਸਾਲਾਨਾ ਸਿੱਖਿਆ ਰਿਪਰਟ(2024) ਅਨੁਸਾਰ 14-16 ਉਮਰ ਵਰਗ ਦੇ 76% ਬੱਚੇ ਸੋਸ਼ਲ ਮੀਡੀਆ ਚਲਾਉਣ ਲਈ ਸਮਾਰਟਫੋਨ ਵਰਤਦੇ ਹਨ।

ਕੰਟੈਂਟ ਕ੍ਰੀਏਟਰਾਂ ਜਾਂ ਯੂਟਿਊਬਰਾਂ ਦਾ ਬੱਚਿਆਂ ਦੇ ਕੋਮਲ ਮਨਾਂ 'ਤੇ ਪ੍ਰਭਾਵ ਵੀ ਡਰਾਉਣਾ ਹੈ। ਹੁਣ ਕਈ ਬੱਚੇ ਰਾਤ ਨੂੰ ਕਿਸੇ ਮਸ਼ਹੂਰ 'ਇਨਫਲੂਐਂਸਰ' ਦੀਆਂ ਕਾਲਪਨਿਕ ਕਹਾਣੀਆਂ ਦੇਖਣ-ਸੁਣਨ ਤੋਂ ਬਿਨਾਂ ਸੌਂ ਨਹੀਂ ਸਕਦੇ। ਅਜਿਹੇ ਇਨਫਲੂਐਂਸਰ ਮਹਿੰਗੀਆਂ ਕਾਰਾਂ ਪ੍ਰਤਿ ਆਪਣੀ ਖਿਚ ਦਾ ਮੁਜ਼ਾਹਰਾ ਕਰਦੇ ਹਨ ਜਿਸ ਨਾਲ ਦੇਖਣ ਵਾਲੇ ਬੱਚੇ ਵਿੱਚ ਹੀਣਭਾਵ ਪੈਦਾ ਹੁੰਦਾ ਹੈ ਅਤੇ ਉਸ ਦੇ ਆਤਮਸਨਮਾਨ ਨੂੰ ਸੱਟ ਵੱਜਦੀ ਹੈ। ਜਦੋਂ ਅਜਿਹਾ ਇਨਫਲੂਐਂਸਰ ਬੱਚੇ ਦੇ ਕੋਮਲ ਮਨ ਦੀਆਂ ਇੱਛਾਵਾਂ ਨੂੰ ਆਕਾਰ ਦੇਣਾ ਸ਼ੁਰੂ ਕਰ ਦਿੰਦਾ ਹੈ ਤਾਂ ਉਹ ਇਹ ਵਿਸ਼ਵਾਸ ਕਰਨ ਲਗਦਾ ਹੈ ਕਿ ਜੇਕਰ ਕੋਈ ਹਰ ਰੋਜ਼ ਸਵੇਰੇ ਫੈਮਿਲੀ ਵਲੌਗ ਪਾ ਕੇ ਹੀ ਇੰਨਾਂ

ਜ਼ਿਆਦਾ ਕਮਾ ਸਕਦਾ ਹੈ ਤਾਂ ਸਖ਼ਤ ਮਿਹਨਤ ਕਰਨ, ਲਗਨ ਨਾਲ ਪੜ੍ਹਨ ਅਤੇ ਕੋਈ ਹੁਨਰ ਸਿੱਖਣ ਦੀ ਕੀ ਲੋੜ ਹੈ? ਇਹ ਹੀ ਕਾਰਨ ਹੈ ਕਿ ਨੌਜਵਾਨ ਆਪਣੇ ਫੋਨਾਂ ਨਾਲ ਰੀਲ੍ਹਾਂ ਬਣਾਉਣ, ਵੀਡੀਓ ਅਪਲੋਡ ਕਰਨ, ਯੂਟਿਊਬ ਜਾਂ ਇੰਸਟਾਗ੍ਰਾਮ 'ਤੇ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਣ ਅਤੇ ਸਫ਼ਲਤਾ ਲਈ ਤੁਰੰਤ ਪ੍ਰਸਿੱਧੀ ਕਰਨ ਵਿੱਚ ਰੁੱਝੇ ਰਹਿੰਦੇ ਹਨ।

ਅਮਰੀਕੀ ਸਮਾਜਿਕ ਮਨੋਵਿਗਿਆਨੀ ਜੋਨਾਥਨ ਹਾਇਟ ਨੇ ਆਪਣੀ ਪੁਸਤਕ 'ਦ ਐਂਗਸ਼ੀਅਸ ਜੈਨਰੇਸ਼ਨ' ਵਿੱਚ ਇਸ ਸੰਕਟ ਦਾ ਵਿਸ਼ਲੇਸ਼ਣ ਕਰ ਕੇ ਦੱਸਿਆ ਹੈ ਕਿ 'ਡਿਜੀਟਲ ਅੰਡਰ-ਪੇਰੈਂਟਿੰਗ' ਨੇ ਬੱਚਿਆਂ ਦੀ ਸੋਸ਼ਲ ਮੀਡੀਆ ਤੱਕ ਬਿਨਾਂ ਕਿਸੇ ਨਿਗਰਾਨੀ ਦੇ ਪਹੁੰਚ ਆਸਾਨ ਬਣਾ ਦਿੱਤੀ ਹੈ। ਇਸ ਤੋਂ ਇਲਾਵਾ ਅਸਲ ਦੁਨੀਆਂ ਵਿੱਚ ਮਾਂ ਬਾਪ ਦੀ ਆਪਣੇ ਬੱਚਿਆਂ ਪ੍ਰਤਿ ਹੱਦ ਤੋਂ ਵੱਧ ਫ਼ਿਕਰਮੰਦੀ ਸਾਡੇ ਬੱਚਿਆਂ ਦੇ ਵਿਕਾਸ ਦੀ ਪ੍ਰਕਿਰਿਆ ਵਿੱਚ ਰੁਕਾਵਟ ਬਣ ਰਹੀ ਹੈ। ਇਸ ਪ੍ਰਕਾਰ ਇਸ ਬੁਰਾਈ ਲਈ ਮਾਂਬਾਪ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਹੁਣ ਸੋਚਣਾ ਇਹ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਇਸ ਫਰੇਬ ਤੋਂ ਕਿਵੇਂ ਬਚਾ ਸਕਦੇ ਹਾਂ? ਇਹ ਬਹੁਤ ਕਠਿਨ ਕਾਰਜ ਹੈ ਕਿਉਂਕਿ ਇਸ ਡਿਜੀਟਲ ਯੁੱਗ ਵਿੱਚ ਸਮਾਰਟਫੋਨ ਅਤੇ ਐਪਸ, ਸਿੱਖਿਆ, ਸੰਚਾਰ ਅਤੇ ਰੋਜ਼ਾਨਾ ਜੀਵਨ ਦਾ ਅਨਿੱਖੜ ਅੰਗ ਬਣ ਗਏ ਹਨ। ਬਹੁਤ ਸਾਰੇ ਸਕੂਲ ਅਸਾਈਨਮੈਂਟਾਂ ਅਤੇ ਜ਼ਰੂਰੀ ਜਾਣਕਾਰੀਆਂ ਦੇਣ ਲਈ ਮੈਸੇਜਿੰਗ ਐਪਸ, ਆਨਲਾਈਨ ਪੋਰਟਲਾਂ ਅਤੇ ਡਿਜੀਟਲ ਪਲੈਟਫਾਰਮਾਂ ਦੀ ਵਰਤੋਂ ਕਰਦੇ ਹਨ। ਬੱਚਿਆਂ ਵਲੋਂ ਇਨ੍ਹਾਂ ਦੀ ਵਿੱਦਿਅਕ ਅਤੇ ਸਮਾਜਿਕ ਵਰਤੋਂ ਵਿੱਚ ਫ਼ਰਕ ਕਰਨਾ ਮੁਸ਼ਕਿਲ ਹੋ ਸਕਦਾ ਹੈ। ਦਰਅਸਲ ਬੱਚਿਆਂ ਨੂੰ ਮਜ਼ਬੂਤ ਡਿਜੀਟਲ ਸੁਰੱਖਿਆ ਦੀ ਲੋੜ ਹੈ।

ਬੱਚਿਆਂ ਨੂੰ ਸੋਸ਼ਲ ਮੀਡੀਆ ਦੀ ਗਲਤ ਵਰਤੋਂ ਬਾਰੇ ਸੁਚੇਤ ਕਰਨਾ ਲਾਹੇਵੰਦ ਹੋਵੇਗਾ। ਅਧਿਆਪਕਾਂ ਅਤੇ ਮਾਪਿਆਂ ਵਜੋਂ ਸਾਨੂੰ ਬੱਚਿਆਂ ਨਾਲ ਪਿਆਰ ਤੇ ਹਮਦਰਦੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਇੰਟਰਨੈੱਟ ਦੀਆਂ ਦੁਨੀਆਂ ਹਕੀਕਤ ਨਹੀਂ ਹੈ ਅਤੇ ਅਸਲ ਤੇ ਵਰਚੁਅਲ ਵਿਚਕਾਰ ਫ਼ਰਕ ਸਮਝਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਦੋਸਤਾਂ, ਰਿਸ਼ਤੇਦਾਰਾਂ ਅਤੇ ਗੁਆਂਢੀਆਂ ਨਾਲ ਮਿਲਣ-ਗਿਲਣ ਅਤੇ ਦੌੜ-ਭੱਜ ਵਾਲੀਆਂ ਖੇਡਾਂ ਖੇਡਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਵਿਹਲੇ ਸਮੇਂ ਚੰਗੀਆਂ ਕਿਤਾਬਾਂ ਪੜ੍ਹਨ ਅਤੇ ਆਲੋਚਨਾਤਮਿਕ ਚਿੰਤਨ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਨਾਲ ਸਮੇਂ ਸਮੇਂ ਗੱਲਬਾਤ ਕਰਨੀ ਅਤੇ ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਣਾ ਵੀ ਅਤਿ ਜ਼ਰੂਰੀ ਹੈ। ਉਨ੍ਹਾਂ ਨੂੰ ਇਹ ਸਮਝਾਉਣਾ ਵੀ ਓਨਾ ਹੀ ਮਹੱਤਵਪੂਰਨ ਹੈ ਕਿ ਸਾਡੀ ਰੋਜ਼ਾਨਾਂ ਜ਼ਿੰਦਗੀ ਸੁੰਦਰਤਾ, ਪ੍ਰਸਿੱਧੀ ਅਤੇ ਨਕਲੀ ਠਾਠ ਦੀਆਂ ਉਨ੍ਹਾਂ ਸਜਾ ਕੇ ਪੇਸ਼ ਕੀਤੀਆਂ ਤਸਵੀਰਾਂ ਵਰਗੀ ਨਹੀਂ ਹੁੰਦੀ, ਜੋ ਅਸੀਂ ਮੋਬਾਈਲ ਦੀ ਸਕਰੀਨ 'ਤੇ ਦੇਖਦੇ ਹਾਂ। ਉਨ੍ਹਾਂ ਨੂੰ ਇਹ ਅਨੁਭਵ ਕਰਵਾਇਆ ਜਾਵੇ ਕਿ ਦੁੱਖ ਅਤੇ ਸੁੱਖ ਜ਼ਿੰਦਗੀ ਦੇ ਅਟੁੱਟ ਅੰਗ ਹਨ ਅਤੇ ਸਫ਼ਲਤਾ ਲਈ ਮਿਹਨਤ ਦੀ ਜ਼ਰੂਰਤ ਹੁੰਦੀ ਹੈ। ਉਨ੍ਹਾਂ ਨੂੰ ਜੀਵਨ ਵਿੱਚ ਸਾਦਗੀ ਅਤੇ ਹਮਦਰਦੀ ਵਰਗੇ ਗੁਣਾਂ ਤੋਂ ਜਾਣੂ ਕਰਵਾਇਆ ਜਾਵੇ ਅਤੇ ਨਿਰਸਵਾਰਥ ਦੀ ਭਾਵਨਾ ਦੇ ਆਨੰਦ ਦਾ ਅਹਿਸਾਸ ਕਰਵਾਇਆ ਜਾਵੇ।

ਸਿਰਫ਼ ਪਾਬੰਦੀਆਂ ਨਾਲ ਹੀ ਇਸ ਗੁੰਝਲਦਾਰ ਸਮੱਸਿਆ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਇਸ ਦਾ ਅਸਲ ਹਲ ਸਰਕਾਰਾਂ, ਸਕੂਲਾਂ, ਤਕਨੀਕੀ ਪਲੈਟਫਾਰਮਾਂ ਤੇ ਮਾਪਿਆਂ ਵਿਚਕਾਰ ਇੱਕ ਸੰਤੁਲਿਤ ਦ੍ਰਿਸ਼ਟੀਕੋਨ ਅਤੇ ਤਾਲਮੇਲ ਨਾਲ ਹੀ ਸੰਭਵ ਹੈ। ਸਾਨੂੰ, ਮਾਪਿਆਂ ਅਤੇ ਅਧਿਆਪਕਾਂ ਨੂੰ ਇਹ ਜ਼ਿੰਮੇਵਾਰੀ ਨਿਭਾਉਣੀ ਹੀ ਪਵੇਗੀ। ਅਸੀਂ ਆਪਣੇ ਬੱਚਿਆਂ ਨੂੰ ਤਣਾਅਪੂਰਨ ਜ਼ਿੰਦਗੀ ਭੋਗਣ ਲਈ ਇਕੱਲੇ ਨਹੀਂ ਛੱਡ ਸਕਦੇ। ਇਸ ਭਿਆਨਕ ਬੁਰਾਈ ਅੱਗੇ ਹਥਿਆਰ ਸੁਟਣਾ ਕਿਸੇ ਪਾਸੇ ਤੋਂ ਵੀ ਠੀਕ ਨਹੀਂ ਹੋਵੇਗਾ। ਆਓ ਆਪਣੇ ਬੱਚਿਆਂ ਦੀ ਭਲਾਈ ਲਈ ਉਨ੍ਹਾਂ ਨਾਲ ਨੇੜਿਓਂ ਜੁੜੀਏ।

## ਨਵੇਂ ਆਜੀਵਨ ਮੈਂਬਰਾਂ ਨੂੰ 'ਜੀ ਆਇਆਂ'



1. **ਸ. ਗੁਰਪਾਲ ਸਿੰਘ**
ਪੁੱਤਰ ਸ. ਦਲੀਪ ਸਿੰਘ,
ਵਾਸੀ ਪਿੰਡ ਸੁਖਰਾਮਪੁਰ, ਰੂਪਨਗਰ



2. **ਸ਼੍ਰੀਮਤੀ ਮਨਜੀਤ ਕੌਰ**
ਪਤਨੀ ਸ. ਗੁਰਪਾਲ ਸਿੰਘ
ਵਾਸੀ ਪਿੰਡ ਸੁਖਰਾਮਪੁਰ, ਰੂਪਨਗਰ

## ਪ੍ਰਸ਼ਨੋਤਰੀ-10 ਦਾ ਜੇਤੂ ਪਾਠਕ

**ਗੁਰਲੀਨ ਕੌਰ** ਪੁੱਤਰੀ ਸ. ਸੁਖਵਿੰਦਰ ਸਿੰਘ, ਵਾਸੀ ਸ਼ੇਖਾਂ ਮੁਹੱਲਾ, ਰੂਪਨਗਰ। ਪ੍ਰਾਪਤ ਅੰਕ- 20/20

### ਪ੍ਰਸ਼ਨੋਤਰੀ 10 ਦੇ ਪ੍ਰਸ਼ਨਾਂ ਦੇ ਸਹੀ ਉੱਤਰ

1.(ੲ), 2.(ਸ), 3.(ੳ), 4.(ਅ), 5.(ੲ), 6.(ਅ), 7.(ੳ), 8.(ੲ), 9.(ੲ), 10.(ਅ), 11.(ਸ), 12.(ੳ), 13.(ਅ), 14.(ਸ), 15.(ੳ), 16.(ੲ), 17.(ੲ), 18.(ਸ), 19.(ੲ), 20.(ਸ)

## ਜਨਵਰੀ – ਮਾਰਚ 2026 ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



**ਨਵੇਂ ਸਾਲ ਦਾ ਸੁਆਗਤ**– ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ 1 ਜਨਵਰੀ ਨੂੰ, ਨਵੇਂ ਸਾਲ 2026 ਦੇ ਮੌਕੇ ਇੱਕ ਪਰਿਵਾਰਕ ਮਿਲਣੀ ਕਰਵਾਈ ਗਈ। ਇਸ ਦਾ ਪ੍ਰਬੰਧ ਸੰਸਥਾ ਦੇ ਉੱਪ ਚੇਅਰਮੈਨ ਸ. ਗੁਰਮੁਖ ਸਿੰਘ ਸੈਣੀ ਵਲੋਂ ਸਥਾਨਿਕ ਐਚ.ਐਮ.ਟੀ ਹੋਟਲ ਵਿੱਚ ਕੀਤਾ ਗਿਆ। ਇਸ ਮਿਲਣੀ ਵਿੱਚ 35 ਦੇ ਕਰੀਬ ਸ. ਗੁਰਮੁਖ ਸਿੰਘ ਸੈਣੀ ਦੇ ਪਰਿਵਾਰਕ ਮੈਂਬਰਾਂ ਸਮੇਤ ਕੁੱਝ ਹੋਰ ਨਜ਼ਦੀਆਂ ਅਤੇ ਸੈਣੀ ਭਵਨ ਦੀ ਕਮੇਟੀ ਦੇ ਪ੍ਰਬੰਧਕੀ ਮੈਂਬਰਾਂ ਨੇ ਭਾਗ ਲਿਆ। ਇਸ ਮੌਕੇ ਸ.ਗੁਰਮੁਖ ਸਿੰਘ ਨੇ ਸਾਰਿਆਂ ਦਾ ਸਵਾਗਤ ਕਰਦਿਆਂ ਸੈਣੀ ਭਵਨ ਨਾਲ ਆਪਣੇ 20 ਸਾਲਾਂ ਦੇ ਤਜੁਰਬੇ ਸਾਂਝੇ ਕੀਤੇ। ਉਨ੍ਹਾਂ ਨੇ ਇਸ ਸੰਸਥਾ ਦੇ ਸਮਾਜਸੇਵੀ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਸਮੇਂ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ,



ਟਰੱਸਟੀ ਡਾ. ਜਸਵੰਤ ਕੌਰ, ਸ.ਬਲਬੀਰ ਸਿੰਘ ਸੈਣੀ, ਸ. ਰਾਮ ਸਿੰਘ ਸੈਣੀ, ਸ.ਰਾਜਿੰਦਰ ਸਿੰਘ ਨਨੂੰਆ, ਐਡਵੋਕੇਟ ਰਵਿੰਦਰ ਸਿੰਘ ਮੁੰਦਰਾ, ਡਾ. ਹਰਚਰਨ ਦਾਸ, ਸ਼੍ਰੀ ਰਾਜਿੰਦਰ ਸੈਣੀ ਅਤੇ ਸ.ਸੁਰਿੰਦਰ ਸਿੰਘ ਨੇ ਸਾਰੇ ਹਾਜ਼ਰੀਨ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਉਨ੍ਹਾਂ ਦੀ ਚੜ੍ਹਦੀ ਕਲਾ ਦੀ ਕਾਮਨਾ ਕੀਤੀ। ਇਸ ਸਮੇਂ ਸ. ਗੁਰਮੁਖ ਸਿੰਘ ਜੀ ਦੇ ਘਰ ਕੁੱਝ ਮਹੀਨੇ ਪਹਿਲਾਂ ਪੋਤਰੇ ਦੀ ਦਾਤ ਲਈ ਪ੍ਰਮਾਤਮਾ ਦਾ ਧੰਨਵਾਦ ਕੀਤਾ ਅਤੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ। ਸਭ ਨੇ ਇਸ ਬੱਚੇ ਦੀ ਲੰਮੀ ਉਮਰ ਅਤੇ ਸਿਹਤਯਾਬੀ ਲਈ ਦੁਆਵਾਂ ਮੰਗੀਆਂ।

**ਖ਼ੂਨਦਾਨ ਕੈਂਪ ਅਤੇ ਮੈਗਜ਼ੀਨ ਸੈਣੀ ਸੰਸਾਰ ਦਾ ਰਿਲੀਜ਼ ਸਮਾਰੋਹ**– ਸੈਣੀ ਭਵਨ ਵਿਖੇ ਮਿਤੀ 4 ਜਨਵਰੀ,2026 ਨੂੰ 25ਵੇਂ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ 50 ਖ਼ੂਨਦਾਨੀਆਂ ਨੇ ਖ਼ੂਨ ਦਾਨ ਕੀਤਾ। ਇਸ ਕੈਂਪ ਦਾ ਉਦਘਾਟਨ ਸਿਵਲ ਹਸਪਤਾਲ ਰੂਪਨਗਰ ਦੇ ਸਰਜੀਕਲ ਮਾਹਰ ਡਾ. ਇਕਬਾਲ ਸਿੰਘ ਨੇ ਕੀਤਾ। ਮੁੱਖ ਮਹਿਮਾਨ ਨੇ ਖ਼ੂਨ ਵੀ ਦਾਨ ਕੀਤਾ। ਇਸ ਸਮੇਂ ਉਨ੍ਹਾਂ ਨਾਲ ਉਨ੍ਹਾਂ ਦੀ ਸੁਪਤਨੀ ਮੈਡੀਕਲ ਅਫ਼ਸਰ ਡਾ. ਪੁਨੀਤ ਸੈਣੀ ਵੀ ਸਨ। ਇਸ ਠੰਢ ਦੇ ਮੌਸਮ ਦੌਰਾਨ ਵੀ ਖ਼ੂਨਦਾਨੀਆਂ ਵਿੱਚ ਭਾਰੀ ਉਤਸ਼ਾਹ ਪਾਇਆ ਗਿਆ। ਖ਼ੂਨ ਇਕੱਤਰ ਕਰਨ ਲਈ ਡਾ.ਮੁਨੀਸ਼ ਕੁਮਾਰ ਦੀ ਅਗਵਾਈ ਵਿੱਚ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਦੀ ਟੀਮ ਪਹੁੰਚੀ। ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਰਜਨੀ ਹਰਬਲਜ਼ ਮਲਕਪੁਰ, ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ, ਜ਼ਿਲ੍ਹਾ ਪੁਲਿਸ ਸਾਂਝ ਕੇਂਦਰ , ਹੀਰਾ ਡਿਪਾਰਟਮੈਂਟਲ ਸਟੋਰ ਰੂਪਨਗਰ , ਇੰਨਰਵੀਲ੍ਹ ਕਲੱਬ ਰੂਪਨਗਰ ਅਤੇ ਰੋਟਰੀ ਕਲੱਬ ਰੂਪਨਗਰ ਨੇ ਸਹਿਯੋਗ ਦਿੱਤਾ। ਇਸ ਸਮੇਂ ਸੰਸਥਾ ਦੇ ਪੀ.ਆਰ.ਓ ਸ਼੍ਰੀ ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ, ਖ਼ੂਨਦਾਨੀਆਂ ਅਤੇ ਖ਼ੂਨ ਲੈਣ ਵਾਲੀ ਟੀਮ ਦਾ ਸਵਾਗਤ ਕੀਤਾ, ਸੰਸਥਾ ਦੇ ਪ੍ਰਧਾਨ ਡਾ.ਅਜਮੇਰ ਸਿੰਘ ਨੇ ਸੈਣੀ ਭਵਨ ਵਲੋਂ ਕੀਤੇ ਜਾ ਰਹੇ ਕਾਰਜਾਂ 'ਤੇ ਚਾਨਣਾ ਪਾਇਆ ਅਤੇ ਜਨਰਲ ਸਕੱਤਰ ਸ.ਬਲਬੀਰ ਸਿੰਘ ਵਲੋਂ ਸਭ ਦਾ ਧੰਨਵਾਦ ਕੀਤਾ।

ਇਸ ਕੈਂਪ ਵਿੱਚ ਜਗਦੇਵ ਸਿੰਘ ਨੇ 44ਵੀਂ ਵਾਰ, ਸੁਨੀਲ ਪਾਠਕ, ਹਰਪ੍ਰੀਤ ਸਿੰਘ, ਸਤਨਾਮ ਸਿੰਘ, ਮਨਜੀਤ ਸਿੰਘ ਤੰਬੜ ਵਲੋਂ 40ਵੀਂ ਵਾਰ, ਅਮਰੀਕ ਸਿੰਘ ਰਾਜੂ ਨੇ 31ਵੀਂ ਵਾਰ, ਅਮਿਤ ਸੈਣੀ ਤੇ ਚਰਨਦੀਪ ਸਿੰਘ ਵਲੋਂ 28ਵੀਂ ਵਾਰ, ਕਨਵਰਜੀਤ ਸਿੰਘ ਨੇ 26ਵੀਂ ਵਾਰ, ਅਵੀਸ਼ੇਕ ਸੈਣੀ , ਰੋਹਿਤ ਭੰਡਾਰੀ, ਅਭਿਮੰਨੂ, ਗੁਰਵਿੰਦਰ ਸਿੰਘ ਨੇ 13ਵੀਂ ਵਾਰ, ਰਣਜੀਤ ਸਿੰਘ ਤੇ ਵਿਸ਼ਾਲ ਸੈਣੀ ਵਲੋਂ 15ਵੀਂ ਵਾਰ, ਸਤਵਿੰਦਰ ਪਾਲ ਸਿੰਘ ਨੇ 13ਵੀਂ ਵਾਰ, ਅਮਨਵੀਰ ਸਿੰਘ ਨੇ 12ਵੀਂ ਵਾਰ ਤੇ ਨਮਿਤ ਸੈਣੀ ਨੇ 10ਵੀਂ ਵਾਰ ਖ਼ੂਨ ਦਾਨ ਕੀਤਾ। ਇਨ੍ਹਾਂ ਤੋਂ ਇਲਾਵਾ ਅਧਿਆਪਕਾ ਰਾਜਿੰਦਰ ਕੌਰ, ਟਰੱਸਟੀਆਂ ਜਗਦੇਵ ਸਿੰਘ ਤੇ ਐਡ.ਰਾਵਿੰਦਰ ਮੁੰਦਰਾ ਅਤੇ ਗੁਰਪਾਲ ਸਿੰਘ ਨੇ ਵੀ ਖ਼ੂਨ ਦਾਨ ਕੀਤਾ।

ਇਸ ਸਮੇਂ **ਸੈਣੀ ਸੰਸਾਰ ਮੈਗਜ਼ੀਨ ਦੇ 59ਵੇਂ ਅੰਕ ਨੂੰ ਵੀ ਰਿਲੀਜ਼ ਕੀਤਾ ਗਿਆ।** ਇਹ ਰਸਮ ਡਾ. ਪੁਨੀਤ ਸੈਣੀ ਨੇ ਨਿਭਾਈ। ਮੁੱਖ ਮਹਿਮਾਨ ਨੇ ਸੈਣੀ ਭਵਨ ਦੀਆਂ ਸਮਾਜਸੇਵੀ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਮੈਗਜ਼ੀਨ ਸੈਣੀ ਸੰਸਾਰ ਪ੍ਰਕਾਸ਼ਿਤ ਕਰਨ ਲਈ ਵਧਾਈ ਦਿਤੀ। ਸੰਸਥਾ ਦੇ ਪ੍ਰਧਾਨ ਡਾ.ਅਜਮੇਰ ਸਿੰਘ ਨੇ ਮੈਗਜ਼ੀਨ ਦੀ ਪ੍ਰਕਾਸ਼ਨਾ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਵਿੱਚ ਛਪਦੀ ਸਮੱਗਰੀ ਦੀ ਗੁਣਵੱਤਾ ਸਬੰਧੀ ਦੱਸ ਕੇ ਇਹ ਮੈਗਜ਼ੀਨ ਸਾਰਿਆਂ ਨੂੰ ਪੜ੍ਹਨ ਦੀ ਸਲਾਹ ਦਿੱਤੀ। ਇਸ ਸਮੇਂ ਸੈਣੀ ਭਵਨ ਦੇ ਸਾਰੇ ਪ੍ਰਬੰਧਕੀ ਕਮੇਟੀ ਮੈਂਬਰਾਂ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।

**ਲੋਹੜੀ ਦਾ ਤਿਉਹਾਰ ਮਨਾਇਆ**– ਸੈਣੀ ਭਵਨ ਵਿਖੇ

12 ਜਨਵਰੀ,2026 ਨੂੰ ਲੋਹੜੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ ਗਿਆ। ਸਮਾਜਿਕ ਏਕਤਾ ਦੇ ਪ੍ਰਤੀਕ ਇਸ ਪਵਿੱਤਰ ਤਿਉਹਾਰ ਮੌਕੇ ਸਭ ਨੇ ਪ੍ਰਮਾਤਮਾ ਨੂੰ ਯਾਦ ਕਰਦਿਆਂ ਮਿਲ ਕੇ ਲੋਹੜੀ ਬਾਲੀ ਅਤੇ ਇੱਕ ਦੂਜੇ ਨੂੰ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਨੇ ਲੋਹੜੀ ਦੀ ਸਮਾਜਿਕ ਮਹੱਤਤਾ 'ਤੇ ਚਾਨਣਾ ਪਾਇਆ ਅਤੇ ਇਸ ਨੂੰ ਮਨਾਏ ਜਾਣ ਦੀ ਲੋੜ ਬਾਰੇ ਦੱਸਿਆ। ਉਨ੍ਹਾਂ ਨੇ ਇਸ ਨੂੰ ਪੰਜਾਬੀਆਂ ਦੇ ਨਾਬਰ ਸੁਭਾ ਦੇ ਪ੍ਰਤਿਨਿਧ ਦੁੱਲਾ ਭੱਟੀ ਨਾਲ ਜੋੜ ਕੇ ਸਮਾਜਿਕ ਪ੍ਰੰਪਰਾ ਦੀ ਪ੍ਰਤੀਕ ਦੱਸਿਆ। ਉਨ੍ਹਾਂ ਨੇ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਜ਼ੁਲਮ ਵਿਰੁੱਧ ਮੁਕਤਸਰ ਦੀ ਜੰਗ ਸਮੇਂ ਸ਼ਹੀਦ ਹੋਏ ਚਾਲੀ ਮੁਕਤਿਆਂ ਦੀ ਯਾਦ ਵਿੱਚ ਮਨਾਏ ਜਾਣ ਬਾਰੇ ਦੱਸਿਆ ਅਤੇ ਮੌਸਮ ਦੀ ਤਬਦੀਲੀ ਦੇ ਚਿਨ੍ਹ ਵਜੋਂ ਕਿਸਾਨੀ ਲਈ ਵਿਸ਼ੇਸ਼ ਮੌਕਾ ਦੱਸਿਆ। ਸੰਸਥਾ ਦੇ ਕਾਰਜਕਾਰੀ ਪ੍ਰਧਾਨ ਸ. ਰਾਜਿੰਦਰ ਸਿੰਘ ਅਤੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਪ੍ਰਧਾਨ ਸ਼੍ਰੀ ਰਾਜਿੰਦਰ ਸੈਣੀ ਨੇ ਲੋਹੜੀ ਦੇ ਪਿਛੋਕੜ ਬਾਰੇ ਦੱਸਦਿਆਂ ਇਸ ਤਿਉਹਾਰ ਨੂੰ ਭਾਈਚਾਰੇ ਦੇ ਮੇਲ ਮਿਲਾਪ ਅਤੇ ਪਿਆਰ ਲਈ ਜ਼ਰੂਰੀ ਦੱਸਿਆ।

ਇਸ ਸਮੇਂ ਸੰਸਥਾ ਦੀਆਂ ਸਿੱਖਿਆਰਥਣਾਂ ਨੇ ਨੱਚ ਟੱਪ ਕੇ ਆਪਣੀ ਖੁਸ਼ੀ ਦਾ ਖੁਲ੍ਹ ਕੇ ਇਜ਼ਹਾਰ ਕੀਤਾ। ਅੰਤ ਵਿੱਚ ਸਭ ਨੇ ਮਿਲ ਕੇ ਮੂੰਗਫਲੀ, ਰਿਉੜੀਆਂ, ਭੁੱਗਾ ਅਤੇ ਬਰੈੱਡ ਪਕੌੜਿਆਂ ਦਾ ਅਨੰਦ ਮਾਣਿਆਂ। ਇਸ ਸਮੇਂ ਸੰਸਥਾ ਦੇ ਟਰੱਸਟੀ ਬਲਬੀਰ ਸਿੰਘ ਸੈਣੀ, ਇੰਜ. ਹਰਜੀਤ ਸਿੰਘ, ਸ. ਦਲਜੀਤ ਸਿੰਘ, ਸ਼੍ਰੀ ਜਗਦੇਵ ਸਿੰਘ, ਸ.ਰਾਜਿੰਦਰ ਸਿੰਘ ਗਿਰਨ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਸ.ਅਮਰਜੀਤ ਸਿੰਘ, ਡਾ.ਜਸਵੰਤ ਕੌਰ, ਸ਼੍ਰੀਮਤੀ ਰਾਵਿੰਦਰ ਕੌਰ, ਸ਼੍ਰੀਮਤੀ ਮਨਮੋਹਨ ਕੌਰ, ਸ਼੍ਰੀਮਤੀ ਹਰਜੀਤ ਕੌਰ, ਸ਼੍ਰੀਮਤੀ ਹਰਮਿੰਦਰ ਕੌਰ ਅਤੇ ਮੈਨੇਜਰ ਸ. ਹਰਦੀਪ ਸਿੰਘ ਹਾਜ਼ਰ ਸਨ।

**ਪੰਜਾਬ ਵਿੱਚ ਪਛੜੀਆਂ ਸ਼੍ਰੇਣੀਆਂ ਦੀਆਂ ਮੰਗਾਂ ਬਾਰੇ ਸੈਮੀਨਾਰ–**ਸੈਣੀ ਭਵਨ ਵਿੱਚ 25 ਜਨਵਰੀ, 2026 ਨੂੰ ਪਛੜੀਆਂ ਸ਼੍ਰੇਣੀਆਂ ਨੂੰ ਸੰਵਿਧਾਨ ਦੁਆਰਾ ਮਿਲੇ ਅਧਿਕਾਰਾਂ ਬਾਰੇ ਜਾਗਰੂਕ ਕਰਨ ਲਈ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸੈਣੀ ਭਲਾਈ ਬੋਰਡ ਦੇ ਚੇਅਰਮੈਨ ਸ਼੍ਰੀ ਰਾਮ ਕੁਮਾਰ ਮੁਕਾਰੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਸ. ਬਲਵਿੰਦਰ ਸਿੰਘ ਮੁਲਤਾਨੀ ਸਕੱਤਰ ਓ.ਬੀ.ਸੀ. ਫੈਡਰੇਸ਼ਨ ਪੰਜਾਬ ਇਸ ਦੇ ਮੁੱਖ ਵਕਤਾ ਸਨ। ਇਸ ਸੈਮੀਨਾਰ ਵਿੱਚ ਜਨਰਲ ਸਕੱਤਰ ਸ. ਬਲਬੀਰ ਸਿੰਘ ਸੈਣੀ ਨੇ ਆਪਣੇ ਸੰਬੋਧਨ ਰਾਹੀਂ ਪਛੜੀਆਂ ਸ਼੍ਰੇਣੀਆਂ ਨੂੰ ਨੌਕਰੀਆਂ 'ਚ ਯੋਗ ਪ੍ਰਤਿਨਿਧਤਾ ਦੇਣ ਲਈ ਮੰਡਲ ਕਮਿਸ਼ਨ ਦੀ ਰਿਪੋਰਟ ਦੇ ਅਧਾਰ 'ਤੇ ਦੈਜੇ ਰਾਜਾਂ ਵਾਂਗ ਪੰਜਾਬ ਵਿੱਚ ਵੀ 27% ਰਾਖਵਾਂਕਰਨ ਦੀ ਮੰਗ ਕੀਤੀ। ਡਾ. ਅਜਮੇਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਪਛੜੀਆਂ ਸ਼੍ਰੇਣੀਆਂ ਦੀ ਇੱਕਮੁੱਠਤਾ




'ਤੇ ਜ਼ੋਰ ਦਿੱਤਾ ਅਤੇ ਇਸ ਮੰਤਵ ਲਈ ਰੋਪੜ ਵਿੱਚ ਪਛੜੀਆਂ ਸ਼੍ਰਣੀਆਂ ਵਿੱਚ ਸ਼ਾਮਲ ਸ਼੍ਰੇਣੀਆਂ ਦੇ ਪ੍ਰਤਿਨਿਧਾਂ ਦੀ ਕਮੇਟੀ ਬਣਾਉਣ ਦਾ ਸੁਝਾ ਦਿੱਤਾ ਅਤੇ ਸੈਣੀ ਭਵਨ ਰੂਪਨਗਰ ਨੂੰ ਇਸ ਦੇ ਪਲੈਟਫਾਰਮ ਵਜੋਂ ਵਰਤਣ ਦੀ ਪੇਸ਼ਕਸ਼ ਕੀਤੀ। ਸ. ਬਲਵਿੰਦਰ ਸਿੰਘ ਮੁਲਤਾਨੀ ਨੇ ਓ.ਬੀ.ਸੀ ਸਰਟੀਫੀਕੇਟ ਬਣਾਉਣ ਲਈ ਤਨਖਾਹ ਅਤੇ ਖੇਤੀਬਾੜੀ ਦੀ ਆਮਦਨ ਨੂੰ ਸ਼ਾਮਲ ਨਾ ਕੀਤੇ ਜਾਣ ਸਬੰਧੀ ਸਰਕਾਰੀ ਹਦਾਇਤਾਂ ਦੀਂ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਯੂ.ਟੀ ਚੰਡੀਗੜ੍ਹ ਵਲੋਂ ਓ.ਬੀ.ਸੀ. ਲਈ 27% ਰਾਖਵਾਂਕਰਨ ਲਾਗੂ ਕੀਤਾ ਜਾ ਚੁੱਕਾ ਹੈ। ਓ.ਬੀ.ਸੀ ਦੇ ਨੈਸ਼ਨਲ ਕਮਿਸ਼ਨ ਨੇ ਵੀ ਪੰਜਾਬ ਸਰਕਾਰ ਨੂੰ 27% ਰਿਜ਼ਰਵੇਸ਼ਨ ਲਾਗੂ ਕਰਨ ਲਈ ਹੁਕਮ ਕੀਤਾ ਹੈ। ਹੁਣ ਇਹ ਹੱਕ ਲੈਣ ਲਈ ਸੰਘਰਸ਼ ਕਰਨ ਦੀ ਲੋੜ ਹੈ।

ਸੈਮੀਂਨਾਰ ਵਿੱਚ ਵਕਤਿਆਂ ਨੇ ਪੰਚਾਇਤਾਂ, ਪੰਚਾਇਤ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਨਗਰ ਕੌਂਸਲਾਂ ਵਿੱਚ ਵੀ ਓ.ਬੀ.ਸੀ ਨੂੰ ਬਣਦਾ 27% ਰਾਖਵਾਂਕਰਨ ਦੇਣ ਦੀ ਮੰਗ ਕੀਤੀ। ਮੰਚ ਦਾ ਸੰਚਾਲਨ ਰਾਜਿੰਦਰ ਸਿੰਘ ਨਨੂੰਆਂ, ਕਰਜਕਾਰੀ ਪ੍ਰਧਾਨ ਨੇ ਬਾਖੂਬੀ ਕੀਤਾ। ਰਾਮ ਕੁਮਾਰ ਮੁਕਾਰੀ ਨੇ ਆਪਣੇ ਸੰਬੋਧਨ ਵਿੱਚ ਓ.ਬੀ.ਸੀ ਦੀਆਂ ਜਾਇਜ਼ ਮੰਗਾਂ ਦਾ ਸਮਰਥਨ ਕੀਤਾ ਅਤੇ ਸਰਕਾਰ ਕੋਲ ਇਨ੍ਹਾਂ ਮੰਗਾਂ ਸਬੰਧੀ ਆਵਾਜ਼ ਉਠਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਰਾਮਗੜ੍ਹੀਆ ਬਰਾਦਰੀ ਦੇ ਨੁਮਾਂਇੰਦੇ ਅਮਰਿੰਦਰ ਸਿੰਘ ਰੀਹਲ ਐਮ.ਸੀ., ਬਾਹਤੀ ਬਰਾਦਰੀ ਦੇ ਮਾਸਟਰ ਕਰਨੈਲ ਸਿੰਘ, ਕਸ਼ਅਪ ਰਾਜਪੂਤ ਬਰਾਦਰੀ ਦੇ ਸ. ਮਹਿੰਦਰ ਸਿੰਘ ਮੋਰਿੰਡਾ ਹਾਜ਼ਰ ਸਨ ਜਿਨ੍ਹਾਂ ਨੂੰ ਸ.ਬਲਵਿੰਦਰ ਸਿੰਘ ਮੁਲਤਾਨੀ ਅਤੇ ਸ਼੍ਰੀ ਰਾਮ ਕੁਮਾਰ ਮੁਕਾਰੀ ਸਮੇਤ ਸਰੋਪਿਆਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਾਜਿੰਦਰ ਸੈਣੀ, ਇੰਜ. ਹਰਜੀਤ ਸਿੰਘ, ਮਨਜੀਤ ਸਿੰਘ ਤੰਬੜ, ਸ.ਅਮਰਜੀਤ ਸਿੰਘ ਸੈਣੀ, ਸ. ਸੁਰਿੰਦਰ ਸਿੰਘ, ਬਹਾਦੁਰਜੀਤ ਸਿੰਘ, ਡਾ.ਹਰਚਰਨ ਦਾਸ, ਰਾਜਿੰਦਰ ਸਿੰਘ ਗਿਰਨ, ਦਰਸ਼ਨ ਸਿੰਘ, ਰਣਜੀਤ ਸਿੰਘ ਅਤੇ ਹਰਜੀਤ ਸਿੰਘ ਆਦਿ ਹਾਜ਼ਰ ਸਨ।

**ਸੈਣੀ ਭਵਨ ਦੀ ਨਵੀਂ ਪ੍ਰਬੰਧਕੀ ਕਮੇਟੀ ਦਾ ਗਠਨ–**

ਸੈਣੀ ਭਵਨ ਰੂਪਨਗਰ ਦੀਆਂ ਗਤੀਵਿਧੀਆਂ ਨੂੰ ਹੋਰ ਹੁਲਾਰਾ ਦੇਣ ਲਈ ਮਿਤੀ 14 ਫਰਵਰੀ, 2026 ਨੂੰ ਮਾਸਿਕ ਮੀਟਿੰਗ ਸਮੇਂ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਦੀ 23 ਮੈਂਬਰੀ ਪ੍ਰਬੰਧਕੀ ਕਮੇਟੀ ਦਾ ਪੁਨਰਗਠਨ ਕੀਤਾ ਗਿਆ। ਇਸ ਵਿੱਚ ਸੰਸਥਾ ਦੇ ਟਰੱਸਟੀ ਅਤੇ ਆਲ ਇੰਡੀਆ ਸ਼ੈਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਤਰਸੇਮ ਸੈਣੀ ਨੂੰ ਮੁੱਖ ਸਰਪ੍ਰਸਤ ਅਤੇ ਬਜ਼ੁਰਗ ਟਰੱਸਟੀ ਸ. ਹਾਕਮ ਸਿੰਘ (ਰਿਟਾ. ਕੈਪਟਨ) ਨੂੰ ਸਰਪ੍ਰਸਤ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਡਾ. ਅਜਮੇਰ ਸਿੰਘ ਚੇਅਰਮੈਨ ਤੇ ਪ੍ਰਧਾਨ ਦੇ ਸੁਝਾ 'ਤੇ ਉਨ੍ਹਾਂ ਨੂੰ ਪ੍ਰਧਾਨਗੀ ਦੇ ਭਾਰ ਤੋਂ ਮੁਕਤ ਕਰ ਕੇ ਸ. ਰਾਜਿੰਦਰ ਸਿੰਘ ਨਨੂੰਆਂ ਕਾਰਜਕਾਰੀ ਪ੍ਰਧਾਨ, ਨੂੰ ਪੱਕਾ ਪ੍ਰਧਾਨ ਬਣਾਇਆ ਗਿਆ। ਇਸ ਦੇ ਨਾਲ ਹੀ ਘੱਟ ਕਿਰਿਆਸ਼ੀਲ ਪਰ ਟਰੱਸਟ ਦੇ ਹਿਤੈਸ਼ੀ ਮੈਂਬਰਾਂ ਨੂੰ ਸਲਾਹਕਾਰ ਦੇ ਅਹੁਦੇ ਨਾਲ ਨਿਵਾਜਿਆ ਗਿਆ। ਇਸ ਕਮੇਟੀ ਵਿੱਚ ਕੁੱਝ ਅਜਿਹੇ ਅਹੁਦੇਦਾਰ ਵੀ ਬਣਾਏ ਗਏ ਜਿਹੜੇ ਭਾਵੇਂ ਕਾਕਾ ਰਾਮ ਸੈਣੀ ਟਰੱਸਟ ਦੇ ਟਰੱਸਟੀ ਨਹੀਂ ਪਰ ਇਸ ਟਰੱਸਟ ਦੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ। ਟਰੱਸਟ ਦੇ ਸੰਵਿਧਾਨ ਅਨੁਸਾਰ ਇਹ ਕਮੇਟੀ ਤਿੰਨ ਸਾਲ ਭਾਵ 2029 ਤੱਕ ਕਾਇਮ ਰਹੇਗੀ।

ਇਸ ਮੀਟਿੰਗ ਵਿੱਚ ਅਪ੍ਰੈਲ, 2026 ਦੇ ਪਹਿਲੇ ਹਫਤੇ ਵਿੱਚ ਆਯੋਜਿਤ ਕੀਤੇ ਜਾਣ ਵਾਲੇ ਸਾਲਾਨਾ ਸੈਣੀ ਸੰਮੇਲਨ ਬਾਰੇ ਭਰਪੂਰ ਵਿਚਾਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਸੈਣੀ ਭਵਨ ਦੇ ਜਨ.ਸਕੱਤਰ ਸ. ਬਲਬੀਰ ਸਿੰਘ ਸੈਣੀ ਅਤੇ ਜਾਇੰਟ ਸਕੱਤਰ ਸ. ਅਮਰਜੀਤ ਸਿੰਘ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਵਧਾਈਆਂ ਦਿੱਤੀਆਂ ਗਈਆਂ।

**ਬਰਾਦਰੀ ਦੀ 'ਸੈਣੀ ਸਿੱਖ' ਮੰਗ ਸਬੰਧੀ ਮੰਤਰੀ ਨਾਲ ਮੁਲਾਕਾਤ**– ਮਿਤੀ 20 ਫਰਬਰੀ, 2026 ਨੂੰ ਸੈਣੀ ਭਵਨ ਰੂਪਨਗਰ ਦੇ ਪ੍ਰਧਾਨ ਸ. ਰਾਜਿੰਦਰ ਸਿੰਘ ਨਨੂੰਆਂ ਨੇ ਪੰਜਾਬ ਸੈਣੀ ਭਲਾਈ ਬੋਰਡ ਦੇ ਚੇਅਰਮੈਨ ਸ਼੍ਰੀ ਰਾਮ ਕੁਮਾਰ ਮੁਕਾਰੀ ਨਾਲ ਪੰਜਾਬ ਦੀ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਜੀ ਨਾਲ ਚੰਡੀਗੜ੍ਹ ਵਿਖੇ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਸਮੇਂ ਮੰਤਰੀ ਜੀ ਨੂੰ ਸੈਣੀ ਬਰਾਦਰੀ ਦੇ ਨੌਜਵਾਨਾਂ ਨੂੰ ਸਿੱਖ ਰਜਮੈਂਟ ਵਿੱਚ ਭਰਤੀ ਹੋਣ ਸਮੇਂ ਪੰਜਾਬ ਅਤੇ ਕੇਂਦਰ ਦੀ ਓ.ਬੀ.ਸੀ ਕੈਟਾਗਰੀ ਦੀਆਂ ਜਾਤੀ ਸੂਚੀਆਂ ਵਿੱਚ 'ਸੈਣੀ' ਦੇ ਨਾਲ 'ਸਿੱਖ' ਸ਼ਬਦ ਨਾ ਹੋਣ ਕਰ ਕੇ ਆਉਣ ਵਾਲੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ ਗਿਆ। ਇਸ ਸਮੇਂ ਵਿਭਾਗ ਦੀ ਡਾਇਰੈਕਟਰ ਵੀ ਮੌਜੂਦ ਸਨ। ਮੰਤਰੀ ਜੀ ਨੂੰ ਬੇਨਤੀ ਕੀਤੀ ਗਈ ਕਿ ਜਿਵੇਂ ਰਾਮਦਾਸੀਆ, ਰਾਜਪੂਤ, ਰਾਏ, ਅਤੇ ਮਜ਼ਬੀ ਜਾਤਾਂ ਨਾਲ ਸਿੱਖ ਸ਼ਬਦ ਜੋੜਿਆ ਹੋਇਆ ਹੈ ਇਵੇਂ ਹੀ ਸੈਣੀ ਜਾਤ ਦੇ ਨਾਮ ਨਾਲ ਵੀ ਸਿੱਖ ਸ਼ਬਦ ਜੋੜਿਆ ਜਾਵੇ। ਮੰਤਰੀ ਜੀ ਨੇ ਉਨ੍ਹਾਂ ਦੀ ਗੱਲ ਨੂੰ ਧਿਆਨਪੂਰਬਕ ਸੁਣਿਆਂ ਅਤੇ ਸਹਿਮਤੀ ਪ੍ਰਗਟ ਕਰਦਿਆਂ ਵਿਸ਼ਵਾਸ ਦੁਆਇਆ ਕਿ ਜਲਦੀ ਹੀ ਪਛੜੀਆਂ ਸ਼੍ਰੇਣੀਆਂ ਕਮਿਸ਼ਨ ਦੀ ਇੱਕ ਵਿਸ਼ੇਸ਼ ਮੀਟਿੰਗ ਬੁਲਾ ਕੇ ਨਿਯਮਾਂ ਅਨੁਸਾਰ ਕਾਰਵਾਈ ਕਰਨ ਉਪਰੰਤ ਸੈਣੀ ਸ਼ਬਦ ਨਾਲ ਸਿੱਖ ਜੋੜਨ ਦੀ ਸਿਫਾਰਸ਼ ਸੂਬਾ ਅਤੇ ਕੇਂਦਰੀ ਸਰਕਾਰ ਨੂੰ ਕਰ ਦਿੱਤੀ ਜਾਵੇਗੀ। ਸ਼੍ਰੀ ਰਾਮ ਕੁਮਾਰ ਮੁਕਾਰੀ ਚੇਅਰਮੈਨ, ਸ. ਰਾਜਿੰਦਰ ਸਿੰਘ ਨਨੂੰਆਂ ਅਤੇ ਸ. ਪਰਮਜੀਤ ਸਿੰਘ ਨੇ ਮੰਤਰੀ ਜੀ ਦਾ ਧੰਨਵਾਦ ਕੀਤਾ।

**ਸਟਾਰ ਬਲੱਡ ਡੋਨਰ ਸੁਸਾਇਟੀ ਵਜੋਂ ਸਨਮਾਨ**– ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ, ਰੂਪਨਗਰ ਨੂੰ 22 ਫਰਵਰੀ, 2026 ਨੂੰ ਰੋਟਰੀ ਅਤੇ ਬਲੱਡ ਬੈਂਕ ਰੀਸੋਰਸ ਸੈਂਟਰ ਚੰਡੀਗੜ੍ਹ ਵਲੋ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਪੰਜਾਬ ਚੰਡੀਗੜ੍ਹ ਵਿਖੇ ਆਯੋਜਿਤ ਸਾਲਾਨਾ ਸਨਮਾਨ ਸਮਾਰੋਹ ਸਮੇਂ ਸਟਾਰ ਬਲੱਡ ਡੋਨਰ ਸੁਸਾਇਟੀ ਵਜੋਂ ਸਨਮਾਨਿਤ ਕੀਤਾ ਗਿਆ। ਸੰਸਥਾ ਨੂੰ ਇਹ ਸਨਮਾਨ ਸਾਲ 2025 ਦੌਰਾਨ ਲਗਾਏ ਦੋ ਸਫ਼ਲ ਖ਼ੂਨਦਾਨ ਕੈਂਪਾਂ ਵਿੱਚ 111 ਯੂਨਿਟ ਖ਼ੂਨ ਇਕੱਤਰ ਕਰਨ ਲਈ ਦਿੱਤਾ ਗਿਆ। ਇਸ ਦੇ ਮੁੱਖ ਮਹਿਮਾਨ ਸ਼੍ਰੀ ਮੁਨੀਸ਼ ਤਿਵਾੜੀ ਐਮ.ਪੀ. ਚੰਡੀਗੜ੍ਹ ਸਨ। ਇਹ ਸਨਮਾਨ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਵਲੋਂ ਮਨੋਨੀਤ ਟਰੱਸਟੀਆਂ ਸ੍ਰੀ ਰਾਜਿੰਦਰ ਸੈਣੀ, ਸ਼੍ਰੀ ਜਗਦੇਵ ਸਿੰਘ, ਸ. ਦਲਜੀਤ ਸਿੰਘ ਅਤੇ ਸਟਾਰ ਡੋਨਰ ਚਰਨਦੀਪ ਸਿੰਘ ਸੈਣੀ ਨੇ ਹਾਸਲ ਕੀਤਾ।

❊ ❊ ❊ ❊ ❊



## ਗਜ਼ਲ


ਜਤਿੰਦਰ ਲਸਾੜਾ,
ਵੈਨਕੂਵਰ (ਕੈਨੇਡਾ)

ਯਾਦਾਂ ਦੇ ਪਰਛਾਵੇਂ, ਉਮਰਾਂ ਦੱਸ ਗਈਆਂ।
ਕਿੰਨੀਆਂ ਰੁੱਤਾਂ ਆ ਕੇ ਰੰਗ ਬਦਲ ਗਈਆਂ।
ਜਨਮ ਮਰਨ ਦਾ ਚੱਕਰ, ਚੱਕਰ ਲਾਉਂਦਾ ਹੈ,
ਕੁੱਝ ਤੁਰੀਆਂ ਕੁੱਝ ਨਵੀਆਂ ਰੂਹਾਂ ਰਲ਼ ਗਈਆਂ।
ਸ਼ੁੱਭ ਘੜੀ ਦੀ ਹੋਠਾਂ 'ਤੇ ਮੁਸਕਾਨ ਤਰੇ,
ਦੁਰਘਟਨਾਵਾਂ ਮੱਥੇ ਪੀੜਾਂ ਮਲ਼ ਗਈਆਂ।
ਕਿੰਨੀਆਂ ਰੀਝਾਂ ਮੋਈਆਂ, ਦਿਲ ਦੀ ਸਰਦਲ ਤੇ,
ਕਿੰਨੀਆਂ ਰੀਝਾਂ ਫਿਰ ਤੋਂ ਨਵੀਆਂ ਪਲ਼ ਗਈਆਂ।
ਉੱਧੜ ਜਾਣੈ ਬੁਣਿਆਂ ਜਾਲ ਸੁਆਸਾਂ ਦਾ,
ਜੀਵਨ ਤੰਦਾਂ ਅੱਜ ਗਈਆਂ ਕੇ ਕੱਲ੍ਹ ਗਈਆਂ।

ਜੀਵਨ ਜਾਚ

# ਸਮੇਂ ਦੀ ਕੀਮਤ

ਗੁਰਬਿੰਦਰ ਸਿੰਘ ਮਾਣਕ
ਖਰਲ ਕਲਾਂ



ਸਮਾਂ ਬਹੁਤ ਕੀਮਤੀ ਅਤੇ ਦੁਰਲੱਭ ਹੈ। ਇਸ ਨੂੰ ਕਿਸੇ ਵੀ ਕੀਮਤ 'ਤੇ ਖਰੀਦਿਆ ਨਹੀਂ ਜਾ ਸਕਦਾ। ਸਮੇਂ ਉੱਤੇ ਕਿਸੇ ਦਾ ਅਧਿਕਾਰ ਨਹੀਂ। ਇਹ ਉਸ ਦੀ ਮੁੱਠੀ ਵਿੱਚ ਹੁੰਦਾ ਹੈ, ਜਿਹੜਾ ਇਸ ਦੀ ਮਹੱਤਤਾ ਨੂੰ ਜਾਣਦਾ ਤੇ ਇਸ ਦੇ ਨਾਲ ਤੁਰਨ ਦਾ ਯਤਨ ਕਰਦਾ ਹੈ। ਉਹ ਇਸ ਦੇ ਪਲ ਪਲ ਦਾ ਸਦਉਪਯੋਗ ਕਰ ਕੇ ਆਪਣੇ ਸੁਫਨਿਆਂ ਦੀ ਮਜ਼ਿਲ 'ਤੇ ਪਹੁੰਚਣ ਵਿੱਚ ਸਫ਼ਲਤਾ ਹਾਸਲ ਕਰ ਲੈਂਦਾ ਹੈ। ਸਮੇਂ ਦੀ ਸਾਰਥਿਕਤਾ ਬਾਰੇ ਪੰਜਾਬੀ ਦੇ ਸਿਰਮੌਰ ਕਵੀ ਭਾਈ ਵੀਰ ਸਿੰਘ ਦੀਆਂ ਸਤਰਾਂ ਲਾਜਵਾਬ ਹਨ- 'ਰਹੀ ਵਾਸਤੇ ਘੱਤ ਸਮੇਂ ਨੇ ਇੱਕ ਨਾ ਮੰਨੀ, ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ। ਇਹ ਠਹਿਰਨ ਜਾਚ ਨਾ ਜਾਣਦਾ ਤੇ ਲੰਘ ਕੇ ਮੁੜ ਨਾ ਆਂਵਦਾ'। ਸੱਚਮੁੱਚ ਹੀ ਸਮੇਂ ਤੋਂ ਵੱਧ ਸ਼ਕਤੀਸ਼ਾਲੀ ਕੋਈ ਨਹੀਂ ਹੈ। ਇਹ ਕਿਸੇ ਦੀ ਉਡੀਕ ਨਹੀਂ ਕਰਦਾ ਤੇ ਆਪਣੀ ਤੋਰੇ ਨਿਰੰਤਰ ਤੁਰਿਆ ਰਹਿੰਦਾ ਹੈ। ਸਮੇਂ ਨੂੰ ਅਟਕਾਉਣ ਦੇ ਕੋਈ ਲੱਖ ਯਤਨ ਕਰੇ, ਪਰ ਉਹ ਇਸਦੇ ਪੈਰੀਂ ਸੰਗਲ ਨਹੀਂ ਪਾ ਸਕਦਾ। ਜਿਹੜੇ ਲੋਕ ਸਮੇਂ ਦੀ ਕਦਰ ਕਰਦੇ ਹੋਏ, ਇਸ ਦੇ ਨਾਲ ਨਾਲ ਕਦਮ ਮਿਲਾ ਕੇ ਸਾਬਤ-ਕਦਮੀਂ ਤੁਰਨ ਦਾ ਹੌਸਲਾ ਕਰਦੇ ਹਨ, ਸਮਾਂ ਉਨ੍ਹਾਂ ਲਈ ਜ਼ਿੰਦਗੀ ਦੀਆਂ ਬੁਲੰਦੀਆਂ ਹਾਸਲ ਕਰਨ ਦੇ ਅਨੇਕਾਂ ਮੌਕੇ ਸਿਰਜ ਦਿੰਦਾ ਹੈ।

ਸਮੇਂ ਨੂੰ ਅਜਾਈਂ ਗੁਆਉਣ ਤੇ ਬਰਬਾਦ ਕਰਨ ਸਬੰਧੀ ਜੇ ਸੰਸਾਰ ਪੱਧਰ 'ਤੇ ਕੋਈ ਇਨਾਮ ਦਿੱਤਾ ਜਾਂਦਾ ਹੋਵੇ ਤਾਂ ਬਿਨਾਂ ਸ਼ੱਕ ਇਹ ਇਨਾਮ ਭਾਰਤੀਆਂ ਨੂੰ ਮਿਲ ਸਕਦਾ ਹੈ। ਸਾਥੋਂ ਵੱਧ ਸ਼ਾਇਦ ਹੀ ਕੋਈ ਸਮੇਂ ਦੀ ਬਰਬਾਦੀ ਕਰਦਾ ਹੋਵੇ। ਸਮਾਂ ਅਨਮੋਲ ਹੈ ਤੇ ਇਹ ਪਲ-ਪਲ ਕਰ ਕੇ ਬੀਤੀ ਜਾਂਦਾ ਹੈ। ਗੁਜ਼ਰ ਚੁੱਕੇ ਪਲ ਨੂੰ ਕਿਸੇ ਵੀ ਸੂਰਤ ਵਿੱਚ ਵਾਪਸ ਨਹੀਂ ਲਿਆਂਦਾ ਜਾ ਸਕਦਾ। ਭਾਰਤ ਦੇ ਵਿਕਾਸ ਵਿੱਚ ਪਛੜਨ ਦਾ ਮੂਲ ਕਾਰਨ ਹੀ ਇਹ ਹੈ ਕਿ ਇੱਥੇ ਕੋਈ ਵੀ ਯੋਜਨਾ ਮਿੱਥੇ ਸਮੇਂ ਵਿੱਚ ਪੂਰੀ ਨਹੀਂ ਹੁੰਦੀ। ਸਾਲਾਂਬੱਧੀ ਕੰਮ ਲਟਕਦੇ ਰਹਿੰਦੇ ਹਨ ਤੇ ਲਾਗਤ ਖਰਚੇ ਵਧੀ ਜਾਂਦੇ ਹਨ। ਜਵਾਬਦੇਹੀ ਦੀ ਅਣਹੋਂਦ ਤੇ ਗੈਰਜ਼ਿੰਮੇਵਾਰੀ ਦੇ ਰੁਝਾਨ ਕਾਰਨ ਬਹੁਤ ਕੁੱਝ ਸਮੇਂ ਦੀ ਧੂੜ ਵਿੱਚ ਗੁਆਚ ਜਾਂਦਾ ਹੈ।

ਭਾਰਤ ਵਿੱਚ ਜੀਵਨ ਦੇ ਹਰ ਖੇਤਰ ਵਿੱਚ ਹੀ ਘੰਟਿਆਂ-ਬੱਧੀ ਸਮੇਂ ਨੂੰ ਬੇਕਾਰ ਤੇ ਅਜਾਈਂ ਗੁਆਉਣ ਦੀ ਮਾਨਸਿਕਤਾ ਭਾਰੂ ਹੈ। ਸਮਾਗਮ ਕਿਸੇ ਤਰ੍ਹਾਂ ਦਾ ਵੀ ਹੋਵੇ, ਅਕਸਰ ਹੀ ਲੋਕ ਲੇਟ ਆਉਣ ਵਿੱਚ ਮਾਣ ਮਹਿਸੂਸ ਕਰਦੇ ਹਨ। ਅਸਲ ਵਿੱਚ ਕੁੱਝ ਗੱਲਾਂ ਸਾਡੇ ਸੁਭਾਅ ਦਾ ਇਸ ਕਦਰ ਗੂੜ੍ਹਾ ਅੰਗ ਬਣ ਗਈਆਂ ਹਨ ਕਿ ਅਸੀਂ ਚਾਹੁੰਦੇ ਹੋਏ ਵੀ ਉਸ ਤੋਂ ਪਿੱਛਾ ਨਹੀਂ ਛੁਡਾ ਸਕਦੇ। ਕੋਈ ਸਮਾਗਮ ਜੇ ਛੇ ਵਜੇ ਸ਼ੁਰੂ ਹੋਣ ਬਾਰੇ ਲਿਖਿਆ ਹੋਵੇ ਤਾਂ ਬਹੁਤੇ ਲੋਕ ਦੋ-ਤਿੰਨ ਘੰਟੇ ਦੇਰੀ ਨਾਲ ਆਉਣ ਨੂੰ ਵੀ ਬਹੁਤਾ ਨਹੀਂ ਗੌਲਦੇ। ਬਹੁਤੇ ਲੋਕਾਂ ਦੇ ਇੰਜ ਸੋਚਣ ਨਾਲ ਹਰ ਕੰਮ ਹੀ ਦੇਰ ਨਾਲ ਸ਼ੁਰੂ ਹੋਣ ਕਾਰਨ ਪ੍ਰਬੰਧਾਂ ਵਿੱਚ ਕਈ ਤਰ੍ਹਾਂ ਦੀ ਬੇਸੁਆਦੀ ਪੈਦਾ ਹੋਣੀ ਸੁਭਾਵਿਕ ਗੱਲ ਹੈ। ਬਰਾਤਾਂ ਅਕਸਰ ਹੀ ਕਈ ਘੰਟਿਆਂ ਦੀ ਦੇਰੀ ਨਾਲ ਆਉਣ ਦਾ ਰੁਝਾਨ ਦੇਖਣ ਨੂੰ ਮਿਲਦਾ ਹੈ। ਕਈ ਵਾਰ ਤਾਂ ਬਿਲਕੁਲ ਨੇੜਿਓਂ ਆਉਣ ਵਾਲੇ ਵੀ ਏਨੀ ਦੇਰ ਕਰ ਦਿੰਦੇ ਹਨ ਕਿ ਸਾਰੇ ਪ੍ਰਬੰਧ ਹੀ ਚੌਪਟ ਹੋ ਜਾਂਦੇ ਹਨ। ਜੇ ਕੋਈ ਪੁੱਛਣ ਦੀ ਗੁਸਤਾਖੀ ਕਰ ਲਵੇ ਤਾਂ ਅਕਸਰ ਹੀ ਘੜਿਆ-ਘੜਾਇਆ ਜਵਾਬ ਮਿਲਦਾ ਹੈ ਕਿ ਵਿਆਹ-ਸ਼ਾਦੀ ਦੇ ਮਾਮਲੇ ਵਿੱਚ ਏਨਾ ਕੁ ਟਾਈਮ ਤਾਂ ਹੋ ਹੀ ਜਾਂਦਾ ਹੈ।

ਕਿਸੇ ਸਮਾਗਮ ਦਾ ਮੁੱਖ ਮਹਿਮਾਨ ਜਾਂ ਪ੍ਰਧਾਨਗੀ ਕਰਨ ਵਾਲਾ ਕੋਈ ਨੇਤਾ, ਮੰਤਰੀ ਜਾਂ ਕੋਈ ਹੋਰ ਅਕਸਰ ਹੀ ਲੰਮੀ ਉਡੀਕ ਬਾਅਦ ਆਉਣ ਵਿੱਚ ਹੀ ਸ਼ਾਇਦ ਮਾਣ ਸਮਝਦੇ ਹਨ। ਇਹ ਠੀਕ ਹੈ ਕਿ ਉਨ੍ਹਾਂ ਦਾ ਜੀਵਨ ਬਹੁਤ ਰੁਝੇਵਿਆਂ ਭਰਿਆ ਹੁੰਦਾ ਹੈ, ਪਰ ਸਮਾਗਮ ਵਿੱਚ ਲੰਮੀ ਉਡੀਕ ਕਰ ਰਹੇ ਪ੍ਰਬੰਧਕਾਂ ਤੇ ਸਰੋਤਿਆਂ ਲਈ ਇਹ ਬਹੁਤ ਗੰਭੀਰ ਮਸਲਾ ਬਣ ਜਾਂਦਾ ਹੈ। ਜੇ ਸਮਾਗਮ ਕਿਸੇ ਸਕੂਲ ਜਾਂ ਕਿਸੇ ਹੋਰ ਵਿੱਦਿਅਕ ਸੰਸਥਾ ਵਿੱਚ ਹੋਵੇ ਤਾਂ ਵਿਦਿਆਰਥੀਆਂ ਲਈ ਇਹ ਬਹੁਤ ਗਲਤ ਸੰਦੇਸ਼ ਜਾਂਦਾ ਹੈ।

ਸਮੇਂ ਦਾ ਵਰਤਾਰਾ ਵੀ ਅਜੀਬ ਹੈ। ਕਿਸੇ ਨੂੰ ਇਹ ਫਰਸ਼ੋਂ ਅਰਸ਼ 'ਤੇ ਪਹੁੰਚਾ ਦਿੰਦਾ ਹੈ ਤੇ ਕਿਸੇ ਨੂੰ ਅੰਬਰੀਂ ਚਾੜ੍ਹ ਕੇ ਧਰਤੀ 'ਤੇ ਪਟਕਾ ਮਾਰਦਾ ਹੈ। ਜਿਨ੍ਹਾਂ ਦੀ ਕਦੇ ਤੂਤੀ ਬੋਲਦੀ ਹੁੰਦੀ ਹੈ, ਸਮੇਂ ਦੀ ਤੇਜ਼ ਹਨੇਰੀ ਅੱਗੇ ਉਹ ਇਸ ਕਦਰ ਗੁਆਚ ਜਾਂਦੇ ਹਨ ਕਿ ਉਹ ਲੋਕਾਂ ਦੇ ਚੇਤਿਆਂ ਵਿੱਚੋਂ ਹੀ ਵਿੱਸਰ ਜਾਂਦੇ ਹਨ। ਰਾਜਨੀਤੀ ਵਿੱਚ ਅਕਸਰ ਹੀ ਅਜਿਹਾ ਵਾਪਰਦਾ ਹੈ ਕਿ ਜਿਨ੍ਹਾਂ ਨੂੰ ਸੱਤਾ ਦੀ ਕੁਰਸੀ ਨਸੀਬ ਹੋ ਜਾਂਦੀ ਹੈ, ਉਹ ਸਮਿਆਂ ਦੇ ਘੋੜੇ 'ਤੇ ਸਵਾਰ ਹੋ ਜਾਂਦੇ ਹਨ ਤੇ ਜਿਹੜੇ ਇਸ ਦੌੜ ਵਿੱਚ ਪਛੜ ਜਾਂਦੇ ਹਨ, ਉਨ੍ਹਾਂ 'ਤੇ ਸਮੇਂ ਦੀ ਅਜਿਹੀ ਮਾਰ ਪੈਂਦੀ ਹੈ ਕਿ ਕੋਈ ਉਨ੍ਹਾਂ ਦੀ ਗੱਲ ਵੀ ਨਹੀਂ ਕਰਦਾ।


ਵਕਤ ਕਦੇ ਵੀ ਇਕਸਾਰ ਨਹੀਂ ਰਹਿੰਦਾ। ਇਹ ਕਦੇ ਖੁਸ਼ੀਆਂ ਦੇ ਅੰਬਾਰ ਲੈ ਆਉਂਦਾ ਹੈ ਤੇ ਕਦੇ ਮੁਸੀਬਤਾਂ ਦੇ ਪਹਾੜ ਨਾਲ ਮਨੁੱਖ ਨੂੰ ਦਰੜ ਦਿੰਦਾ ਹੈ। ਸ਼ਾਹ ਮੁਹੰਮਦ ਨੇ ਆਪਣੇ 'ਜੰਗਨਾਮੇ' ਵਿੱਚ ਸਮੇਂ ਦਾ ਦ੍ਰਿਸ਼ ਕੁੱਝ ਇਸ ਤਰ੍ਹਾ ਬਿਆਨਿਆ ਹੈ ਕਿ ਸਮੇਂ ਦੀ ਅਸਲੀਅਤ ਬਹੁਤ ਹੱਦ ਤੱਕ ਸਮਝ ਆ ਜਾਂਦੀ ਹੈ- 'ਸਦਾ ਨਹੀਂ ਜੁਆਨੀ ਤੇ ਐਸ਼ ਮਾਪੇ, ਸਦਾ ਨਹੀਂ ਜੇ ਬਾਲ ਵਰੇਸ ਮੀਆਂ। ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ, ਸਦਾ ਨਹੀਂ ਜੇ ਰਾਜਿਆਂ ਦੇਸ਼ ਮੀਆਂ। ਸ਼ਾਹ ਮੁਹੰਮਦਾ ਸਦਾ ਨਹੀਂ ਰੂਪ ਦੁਨੀਆਂ, ਸਦਾ ਨਹੀਂ ਜੇ ਕਾਲੜੇ ਕੇਸ ਮੀਆਂ'। ਸਿਆਣੇ ਕਿਹਾ ਕਰਦੇ ਹਨ ਕਿ -'ਕਿਸੇ ਨੂੰ

ਬਾਕੀ ਸਫ਼ਾ 9 'ਤੇ......

ਸੈਣੀ ਕੌਮ ਦੇ ਅਣਗੌਲੇ ਸ਼ਹੀਦ

# ਦੀਵਾਨ ਦਰਬਾਰਾ ਸਿੰਘ ਅਤੇ ਭਾਈ ਘਰਬਾਰਾ ਸਿੰਘ

ਸ਼ਮਿੰਦਰ ਸਿੰਘ
ਭੱਕੂਮਾਜਰਾ



**ਦੀਵਾਨ ਦਰਬਾਰਾ ਸਿੰਘ–** ਅਠਾਰ੍ਹਵੀਂ ਸਦੀ ਵਿੱਚ ਸੱਚ ਦੀ ਜੋਤ ਨੂੰ ਜਗਦੀ ਰੱਖਣ ਲਈ ਜਿਸ ਉੱਚ ਪਾਏ ਦੇ ਮੁਖੀ ਜਰਨੈਲ ਦੀ ਜ਼ਰੂਰਤ ਸੀ, ਉਸ ਮਿਆਰ ਉੱਤੇ ਜੇ ਕੋਈ ਪੂਰਾ ਉੱਤਰਿਆ ਤਾਂ ਉਹ ਸੀ, ਨਨੂੰਆਂ ਕੁੱਲ ਦੇ ਕੰਵਲ ਬਾਬਾ ਕਲਿਆਣ ਜੀ ਦੇ ਪੋਤਰੇ, ਭਾਈ ਬਾਘਾ ਜੀ ਦਾ ਪੋਤਰਾ ਦੀਵਾਨ ਦਰਬਾਰਾ ਸਿੰਘ। ਸਿੱਖ ਇਤਿਹਾਸ ਦੇ ਸਭ ਤੋਂ ਕਾਲੇ ਦੌਰ ਵਿੱਚ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਸਾਲ 1716 ਤੋਂ ਸਾਲ 1733 ਵਿੱਚ ਨਵਾਬੀ ਮਿਲਣ ਤੱਕ ਦੇ ਸਮੇਂ ਵਿੱਚ ਸਿੰਘਾਂ ਦੀ ਚੜ੍ਹਦੀ ਕਲਾ ਵਿੱਚ ਰਹਿਣ ਦੀ ਦਲੇਰੀ ਦਾ ਜ਼ਿਕਰ ਸਾਡਾ ਇਤਿਹਾਸ ਭਾਗ ਦੂਜਾ ਵਿੱਚ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਇਸ ਤਰ੍ਹਾਂ ਕਰਦੇ ਹਨ–

" ਗੁਰੂ ਗੋਬਿੰਦ ਸਿੰਘ ਜੀ ਦੀ ਸਭ ਤੋਂ ਵੱਡੀ ਅਜ਼ਮਤ ਇਹ ਹੈ ਕਿ ਕੰਮ ਦਾ ਭਾਰ ਚੁੱਕਣ ਲਈ ਇੱਕ ਵਿਅਕਤੀ ਦੀ ਥਾਵੇਂ ਸਮੁੱਚੀ ਕੌਮ ਨੂੰ ਤਿਆਰ ਕੀਤਾ। ਐਸੇ ਸਿੱਖ ਪੈਦਾ ਕਰ ਗਏ ਜੋ ਉਨ੍ਹਾਂ ਦੇ ਸਕੂਲ ਵਿੱਚ ਪੜ੍ਹ ਕੇ ਹੁਣ ਜੁਆਨ ਹੋ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਸਕੂਲ ਦਾ ਪਹਿਲਾ ਸਬਕ ਸਿਰ ਪੇਸ਼ ਕਰਨਾ ਸੀ। ਸੋ ਇਹ ਹੀ ਕਾਰਨ ਹੈ ਕਿ ਬਹੁਤੇ ਸਿੱਖ ਖ਼ੁਦਗਰਜ਼ੀ ਤੋਂ ਉੱਤੇ ਅਤੇ ਸੁਆਰਥ ਰਹਿਤ ਸਨ। ਦੇਵ ਨੇਤ ਨਾਲ ਕੁੱਝ ਆਗੂ 1716 ਤੋਂ ਬਾਅਦ ਵੀ ਬਚ ਗਏ। ਦੀਵਾਨ ਦਰਬਾਰਾ ਸਿੰਘ ਜੀ ਉਨ੍ਹਾਂ ਵਿੱਚੋਂ ਇੱਕ ਸਨ"।

ਦੀਵਾਨ ਦਰਬਾਰਾ ਸਿੰਘ ਜੀ ਦਾ ਜਨਮ 1644 ਈਸਵੀ ਨੂੰ ਭਾਈ ਜਮਾਲਾ ਸਿੰਘ ਨਨੂੰਆਂ ਉਰਫ ਨਨੂੰਆਂ ਬੈਰਾਗੀ ਉਰਫ ਨਾਨੂੰ ਰਾਇ ਦੇ ਘਰ ਹੋਇਆ। ਉਨ੍ਹਾਂ ਦੇ ਪਿਤਾ ਅਮਰ ਸ਼ਹੀਦ ਭਾਈ ਜਮਾਲਾ ਸਿੰਘ ਨਨੂੰਆਂ ਜੀ ਸ੍ਰੂ ਗੁਰੂ ਹਰਗੋਬਿੰਦ ਜੀ ਤੋਂ ਲੈ ਕੇ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੱਕ ਪੰਜ ਗੁਰੂ ਸਾਹਿਬਾਨ ਦੇ ਅਤਿ ਨਿਕਟਵਰਤੀ ਅਤੇ ਖਾਸ ਵਿਸ਼ਵਾਸਪਾਤਰ ਸਨ। ਉਹ ਭਾਈ ਜੈਤਾ ਜੀ ਨਾਲ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀਓਂ ਲਿਆਉਣ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ਾਂ ਅਨੁਸਾਰ ਗੁਰੂ ਦਰਬਾਰ ਵਿੱਚ ਹੀ ਰਹਿਣ ਲੱਗੇ ਸਨ। ਜਦੋਂ ਗੁਰੂ ਤੇਗ ਬਹਾਦਰ, ਗੁਰੂ ਬਣਨ ਤੋਂ ਪਹਿਲਾਂ ਪ੍ਰਚਾਰ ਫੇਰੀ ਦੌਰਾਨ ਪੂਰਬ ਵੱਲ ਗਏ ਤਾਂ ਨੌਜਵਾਨ ਦਰਬਾਰਾ ਨੂੰ ਵੀ ਆਪਣੇ ਨਾਲ ਲੈ ਕੇ ਗਏ। ਮੁੱਢਲੀ ਸ਼ਸਤਰ ਵਿੱਦਿਆ ਅਤੇ ਯੁੱਧ ਕਲਾ ਦੀਆਂ ਬਾਰੀਕੀਆਂ ਦਰਬਾਰਾ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪ ਸਿਖਾਈਆਂ। ਗੁਰੂ ਜੀ ਨੇ ਨੌਜਵਾਨ ਦਰਬਾਰਾ ਦੇ ਸਿਰ ਉੱਤੇ ਦਸਤਾਰ ਰੱਖ ਕੇ ਦਸਤਾਰਬੰਦੀ ਕਰ ਦਿੱਤੀ ਸੀ, ਜੋ ਕਿ ਇੱਕ ਬਹੁਤ ਵੱਡਾ ਸਨਮਾਨ ਸੀ।

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਦੂਰਦ੍ਰਿਸ਼ਟੀ ਨਾਲ ਦਰਬਾਰਾ ਅੰਦਰ ਸਿੱਖਾਂ ਦਾ ਇੱਕ ਮਹਾਨ ਆਗੂ ਬਣਨ ਦੀਆਂ ਸੰਭਾਵਨਾਵਾਂ ਪਹਿਲਾਂ ਹੀ ਅਨੁਭਵ ਕਰ ਲਈਆਂ ਸਨ। ਗੁਰੂ ਜੀ ਵਲੋਂ ਦਰਬਾਰਾ ਨੂੰ ਅੱਗੋਂ ਪੰਜਾਬ ਵਿੱਚ ਇੱਕ ਅਖਾੜਾ ਸਥਾਪਤ ਕਰਨ ਲਈ ਕਿਹਾ ਸੀ ਤਾਂ ਜੋ ਸਿੱਖਾਂ ਦੀਆਂ ਆਉਣ ਵਾਲੀਆਂ ਲੜਾਈਆਂ ਲਈ ਕਈ ਪੱਧਰ ਦੇ ਬੰਦਿਆਂ ਨੂੰ ਸਿੱਖਿਅਤ ਕੀਤਾ ਜਾ ਸਕੇ। ਦਰਬਾਰ ਨੇ ਇਸ ਅਖਾੜੇ ਦੀ ਸਥਾਪਨਾ 1671 ਵਿੱਚ ਕੀਤੀ।

ਦੀਵਾਨ ਦਰਬਾਰਾ ਸਿੰਘ ਨੇ ਸਾਰੀ ਸਿੱਖਿਆ ਸ੍ਰੀ ਆਨੰਦਪੁਰ ਸਾਹਿਬ ਵਿੱਚ ਆਪਣੇ ਪਿਤਾ ਭਾਈ ਜਮਾਲਾ ਸਿੰਘ ਨਨੂੰਆਂ ਨਾਲ ਰਹਿੰਦੇ ਹੋਏ ਆਪਣੇ ਪਿਤਾ ਜੀ ਪਾਸੋਂ, ਭਾਈ ਮਨੀ ਸਿੰਘ ਅਤੇ ਭਾਈ ਚਉਪਾ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ। ਦੀਵਾਨ ਦਰਬਾਰਾ ਸਿੰਘ ਛੇਤੀਂ ਹੀ ਯੁੱਧ ਵਿੱਦਿਆ ਦੇ ਨਾਲ ਨਾਲ ਹਿਸਾਬ ਕਿਤਾਬ ਦੀ ਵਿੱਦਿਆ ਵਿੱਚ ਵੀ ਨਿਪੁੰਨ ਹੋ ਗਏ। ਦਸਮੇਸ਼ ਪਿਤਾ ਜੀ ਦੀ ਪਾਰਖੂ ਅੱਖ ਨੇ ਦਰਬਾਰਾ ਸਿੰਘ ਜੀ ਦੀ ਯੋਗਤਾ, ਫੁਰਤੀਲਾਪਣ, ਇਮਾਨਦਾਰੀ, ਦਿਆਨਤਦਾਰੀ ਅਤੇ ਪ੍ਰਵਾਰਿਕ ਪਿਛੋਕੜ ਦੇਖਦਿਆਂ ਨੌਜਵਾਨ ਦਰਬਾਰਾ ਸਿੰਘ ਨੂੰ ਆਪਣੇ ਦਰਬਾਰ ਦਾ ਦੀਵਾਨ ਬਣਾ ਦਿੱਤਾ। ਸਾਰੇ ਮਸੰਦਾਂ ਤੋਂ ਉਗਰਾਹੀ ਅਤੇ ਗੁਰੂ ਦਰਬਾਰ ਦੇ ਖਜ਼ਾਨੇ ਅਤੇ ਖਰਚੇ ਦਾ ਹਿਸਾਬ ਕਿਤਾਬ ਰੱਖਣ ਵਾਲੇ ਮੁਖੀ ਨੂੰ ਦੀਵਾਨ ਆਖਿਆ ਜਾਂਦਾ ਸੀ। ਇਸ ਲਈ ਦਰਬਾਰਾ ਸਿੰਘ ਜੀ ਦੇ ਨਾਮ ਨਾਲ ਦੀਵਾਨ ਪਦ ਜਾਂ ਅਹੁਦਾ ਪੱਕੇ ਤੌਰ 'ਤੇ ਜੁੜ ਗਿਆ।



ਸ੍ਰੀ ਆਨੰਦਪੁਰ ਸਾਹਿਬ ਨੂੰ ਛੱਡਣ ਉਪਰੰਤ ਦੀਵਾਨ ਦਰਬਾਰਾ ਸਿੰਘ ਜੀ, ਮਾਤਾ ਸਾਹਿਬ ਕੌਰ ਜੀ ਅਤੇ ਮਾਤਾ ਸੁੰਦਰ ਕੌਰ ਜੀ ਨੂੰ ਭਾਈ ਮਨੀ ਸਿੰਘ ਨਾਲ ਦਿੱਲੀ ਵਿਖੇ ਕਲਿਆਣੇ ਦੀ ਧਰਮਸ਼ਾਲਾ ਵਿੱਚ ਲੈ ਕੇ ਗਏ। ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਮੁਕਤਸਰ ਸਾਹਿਬ ਦੀਆਂ ਜੰਗਾਂ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਟਿਕਾਣਾ ਕੀਤਾ ਤਾਂ ਦੀਵਾਨ ਦਰਬਾਰਾ ਸਿੰਘ ਜੀ, ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰ ਕੌਰ ਜੀ ਨੂੰ ਵਾਪਸ ਗੁਰੂ ਚਰਨਾਂ ਵਿੱਚ ਲੈ ਹਾਜ਼ਰ ਹੋਏ। ਤਲਵੰਡੀ ਸਾਬੋ ਤੋਂ ਦੱਖਣ ਜਾਣ ਸਮੇਂ ਦੀਵਾਨ ਦਰਬਾਰਾ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਰਹੇ। ਸੰਨ 1708 ਅਬਿਚਲ ਨਗਰ ਹਜ਼ੂਰ ਸਾਹਿਬ ਨਾਂਦੇੜ ਤੋਂ ਜੋ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਪੰਜਾਬ ਵੱਲ ਭੇਜੇ ਗਏ ਉਨ੍ਹਾਂ ਵਿੱਚ ਦੀਵਾਨ ਦਰਬਾਰਾ ਸਿੰਘ ਵੀ ਸ਼ਾਮਿਲ ਸਨ। ਬਾਬਾ ਬੰਦਾ ਸਿੰਘ ਬਹਾ ਦਰ ਦੇ ਸਮੇਂ ਅਤੇ ਉਸ ਉਪਰੰਤ ਬਾਬਾ ਬਿਨੋਦ ਸਿੰਘ ਜੀ ਦੇ ਸਮੇਂ ਵੀ ਖ਼ਜ਼ਾਨੇ ਦੇ ਮੁਖੀ ਅਤੇ

ਦੀਵਾਨ ਦੀ ਪੱਦਵੀ ਉੱਤੇ ਸੁਸ਼ੋਭਿਤ ਰਹੇ।

ਜਦੋਂ ਲੋਹ ਗੜ੍ਹ ਦੀ ਦੂਜੀ ਜੰਗ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੁਸ਼ਮਣ ਫ਼ੌਜਾਂ ਦੇ ਕਾਬੂ ਆ ਗਏ ਤਾਂ ਉਸ ਸਮੇਂ ਦੀਵਾਨ ਦਰਬਾਰਾ ਸਿੰਘ ਜੀ ਨੇ ਆਪਣੇ ਸਾਥੀ ਭਾਈ ਬਾਜ਼ ਸਿੰਘ ਅਤੇ ਜੁਝਾਰ ਸਿੰਘ ਨਾਲ ਰਲ ਕੇ ਪੰਥਕ ਸੈਨਾਵਾਂ ਦੀ ਅਗਵਾਈ ਕਰਦਿਆਂ ਮੁਗਲ ਸੈਨਾ 'ਤੇ ਹਮਲਾ ਕਰ ਕੇ ਬੰਦਾ ਸਿੰਘ ਬਹਾਦਰ ਨੂੰ ਛੁਡਾ ਲਿਆ। ਇਸ ਜਿੱਤ ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਦੀਵਾਨ ਦਰਬਾਰਾ ਸਿੰਘ ਜੀ ਨੂੰ ਖ਼ਜ਼ਾਨੇ, ਰਾਸ਼ਨ ਅਤੇ ਚਾਰੇ ਆਦਿ ਦਾ ਇੰਚਾਰਜ ਥਾਪ ਦਿੱਤਾ।

ਬਾਬਾ ਬਿਨੋਦ ਸਿੰਘ ਜੀ ਦੀ ਬਿਰਧ ਅਵਸਥਾ ਕਾਰਨ 1716 ਤੋਂ ਬਾਅਦ ਪੰਥ ਦੀ ਹਰ ਮੁਹਿੰਮ ਵਿੱਚ ਦੀਵਾਨ ਦਰਬਾਰਾ ਸਿੰਘ ਹੀ ਸਮੁੱਚੇ ਪੰਥ ਦੀ ਅਗਵਾਈ ਕਰਦੇ ਸਨ। ਸੰਨ 1726 ਵਿੱਚ ਬਾਬਾ ਬਿਨੋਦ ਸਿੰਘ ਦੇ ਅਕਾਲ ਚਲਾਣੇ ਉਪਰੰਤ 1734 ਤੱਕ ਦੀਵਾਨ ਦਰਬਾਰਾ ਸਿੰਘ ਜੀ ਸਮੁੱਚੇ ਖਾਲਸਾ ਪੰਥ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਖੀ ਜਥੇਦਾਰ ਰਹੇ। ਇਨ੍ਹਾਂ ਦੀ ਬਹਾਦਰੀ ਅਤੇ ਪੰਥਕ ਚੜ੍ਹਦੀ ਕਲਾ ਲਈ ਸੰਘਰਸ਼ ਕਾਰਨ ਲਾਹੌਰ ਦਰਬਾਰ ਵਲੋਂ ਦੀਵਾਨ 1733 ਵਿੱਚ ਆਪਣੇ ਖਾਸ ਅਹਿਲਕਾਰ ਭਾਈ ਸੁਬੇਗ ਸਿੰਘ ਜੀ ਰਾਹੀਂ ਦੀਵਾਨ ਦਰਬਾਰਾ ਸਿੰਘ ਜੀ ਨੂੰ ਨਵਾਬੀ ਦੀ ਪੇਸ਼ਕਸ਼ ਹੋਈ। ਇਸ ਨੂੰ ਦੀਵਾਨ ਦਰਬਾਰਾ ਸਿੰਘ ਜੀ ਨੇ "ਹਮ ਰਾਖਤ ਪਾਤਸ਼ਾਹੀ ਦਾਵਾ: ਕਹਿ ਕੇ ਠੁਕਰਾ ਦਿੱਤਾ ਅਤੇ ਮੁਗਲਾਂ ਦੀ ਬਦਨੀਤੀ ਉੱਤੇ ਭਰੋਸਾ ਕਰਨ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਨੇ ਇਹ ਨਵਾਬੀ ਨਿਮਾਣੇ ਪੰਥ ਸੇਵਕ ਕਪੂਰ ਸਿੰਘ ਨੂੰ ਬਖਸ਼ ਦਿੱਤੀ ਜੋ ਨਵਾਬ ਕਪੂਰ ਸਿੰਘ ਬਣ ਗਏ। ਥੋੜ੍ਹੇ ਸਮੇਂ ਬਾਅਦ ਹੀ ਜ਼ਕਰੀਆਂ ਖਾਨ ਦੀ ਬਦਨੀਤੀ ਸਾਹਮਣੇ ਆ ਗਈ ਅਤੇ ਖਾਲਸਾ ਮੁੜ ਮੁਗਲ ਫੌਜਾਂ ਵਿਰੁੱਧ ਮੈਦਾਨ ਵਿੱਚ ਆ ਗਿਆ। ਸੰਨ 1734 ਵਿੱਚ ਮੁਗਲ ਫੌਜਾਂ ਨਾਲ ਜੂਝਦੇ ਹੋਏ ਇਹ ਮਹਾਨ ਜਰਨੈਲ, ਮਹਾਨ ਤਿਆਗੀ ਅਤੇ ਦੂਰਦ੍ਰਿਸ਼ਟ ਕਾਹਲਵਾਂ (ਗੁਰਦਾਸਪੁਰ) ਦੇ ਸਥਾਨ 'ਤੇ ਸ਼ਹੀਦ ਹੋ ਗਿਆ। ਦੀਵਾਨ ਦਰਬਾਰਾ ਸਿੰਘ ਜੀ ਦੀ ਮੌਤ ਨਾਲ ਪੰਥਕ ਅਗਵਾਈ ਵਿੱਚ ਖਲਾਅ ਪੈਦਾ ਹੋ ਗਿਆ। ਇਸ ਲਈ ਲੰਗਰ ਤੇ ਦਾਣਾ ਵਰਤਾਉਣ ਵਕਤ ਆਪਸ ਵਿੱਚ ਸਿੰਘਾਂ ਦਾ ਝਗੜਾ ਹੋਣ ਲੱਗਾ। ਇਸ ਝਗੜੇ ਨੂੰ ਖਤਮ ਕਰਨ ਲਈ ਖਾਲਸਾ ਨੂੰ ਬੁੱਢਾ ਦਲ ਅਤੇ ਤਰਨਾ ਦਲ ਵਿੱਚ ਵੰਡ ਦਿੱਤਾ ਗਿਆ।

**ਭਾਈ ਘਰਬਾਰਾ ਸਿੰਘ–** ਭਾਈ ਜਮਾਲਾ ਸਿੰਘ ਨਨੂੰਆਂ ਦੇ ਦੂਜੇ ਪੁੱਤਰ ਭਾਈ ਘਰਬਾਰਾ ਸਿੰਘ ਉਹ ਮਹਾਨ ਸ਼ਹੀਦ ਹੋਏ ਹਨ ਜਿਨ੍ਹਾਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿੱਚ ਅਤੇ ਆਪਣੇ ਪਿਤਾ ਤੇ ਵੱਡੇ ਵੀਰ ਦੀਵਾਨ ਦਰਬਾਰਾ ਸਿੰਘ ਜੀ ਨਾਲ ਆਨੰਦਪੁਰ ਸਾਹਿਬ ਦੀਆਂ ਮੁਢਲੀਆਂ ਝੜਪਾਂ ਦੌਰਾਨ ਪਿੰਡ ਅਗੰਮਪੁਰ ਵਿਖੇ ਪਹਾੜੀ ਰਾਜਿਆਂ ਦੀ ਸੈਨਾ ਵਿਰੁੱਧ ਜੂਝਦਿਆਂ ਸ਼ਹਾਦਤ ਦਾ ਜਾਮ ਪੀ ਕੇ ਆਪਣਾ ਜੀਵਨ ਸਫ਼ਲ ਬਣਾਇਆ।

(ਲੇਖਕ ਦੀ ਪੁਸਤਕ 'ਪੰਥਕ ਹੀਰਿਆਂ ਦੀ ਖਾਣ' ਵਿੱਚੋਂ)

## ਵਧਾਈਆਂ

ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਸਮਾਗਮਾਂ ਦੌਰਾਨ 11ਮਾਰਚ, 2026 ਨੂੰ ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਜ਼ਿਲ੍ਹਾ ਰੂਪਨਗਰ ਦੇ ਪਿੰਡ ਕਟਲੀ ਅਤੇ ਪਪਰਾਲਾ ਦੀਆਂ ਪੰਚਾਇਤਾਂ ਨੂੰ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਕਟਲੀ ਦੀ ਸਰਪੰਚ ਸ਼੍ਰੀਮਤੀ ਗੁਰਪ੍ਰੀਤ ਕੌਰ ਅਤੇ ਪਪਰਾਲਾ ਦੀ ਸਰਪੰਚ ਸ਼੍ਰੀਮਤੀਜਸਵੰਤ ਕੌਰ ਨੇ ਪ੍ਰਾਪਤ ਕੀਤੇ ਹਨ। ਉਨ੍ਹਾਂ ਨੂੰ ਆਪਣੇ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਦੇ ਵਧੀਆ ਪ੍ਰਬੰਧਾਂ ਅਤੇ ਰੱਖ-ਰਖਾਅ ਲਈ ਇਹ ਸਨਮਾਨ ਪ੍ਰਦਾਨ ਕੀਤੇ ਗਏ ਹਨ। ਭਾਰਤ ਸਰਕਾਰ ਵਲੋਂ ਨਵੀਂ ਦਿੱਲੀ ਵਿੱਚ ਜਲਜੀਵਨ ਮਿਸ਼ਨ ਤਹਿਤ ਘਰ ਘਰ ਵਿੱਚ ਜਲ, ਹਰ ਨਲ ਵਿੱਚ ਜਲ ਦੇ ਸਬੰਧ ਵਿੱਚ ਜਲ ਮਹਾਂਉਤਸਵ,2026 ਕਾਰਵਾਇਆ ਗਿਆ ਸੀ। ਪੰਜਾਬ ਤੋਂ ਕੁੱਲ ਛੇ ਪੰਚਾਇਤਾਂ ਦੀ ਵਧੀਆ ਕਾਰਗੁਜ਼ਾਰੀ ਦੇ ਆਧਾਰ 'ਤੇ ਐਵਾਰਡ ਦੇਣ ਲਈ ਚੋਣ ਕੀਤੀ ਗਈ ਸੀ। ਇਨ੍ਹਾਂ ਪਿੰਡਾਂ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀਆਂ ਦਾ ਸਹਿਯੋਗ ਨਾਲ ਲੋਕਾਂ ਨੂੰ ਪਾਣੀ ਦੀ ਦੁਰਵਰਤੋਂ ਨੂੰ ਰੋਕਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਹਰ ਘਰ ਵਿੱਚ ਪਾਣੀ ਉਪਲਬਧ ਹੋ ਸਕੇ। ਸੈਣੀ ਬਰਾਦਰੀ ਨੂੰ ਆਪਣੀਆਂ ਇਨ੍ਹਾਂ ਮਿਹਨਤੀ ਸਮਾਜਸੇਵੀ ਮਹਿਲਾਵਾਂ 'ਤੇ ਮਾਣ ਮਹਿਸੂਸ ਹੋ ਰਿਹਾ ਹੈ। ਸੈਣੀ ਭਵਨ ਰੂਪਨਗਰ ਵਲੋਂ ਉਨ੍ਹਾਂ ਦੇ ਪਰਿਵਾਰਾਂ ਨੂੰ ਬਹੁਤ ਬਹੁਤ ਵਧਾਈ।


ਸ਼੍ਰੀਮਤੀ ਗੁਰਪ੍ਰੀਤ ਕੌਰ


ਸ਼੍ਰੀਮਤੀ ਜਸਵੰਤ ਕੌਰ

...ਸਫਾ 8 ਦੀ ਬਾਕੀ

ਸਮੇਂ ਦੀ ਮਾਰ ਨਾ ਪਵੇ, ਉਂਜ ਬੰਦਾ ਨਹੀਂ ਮਰਦਾ'।ਪਰ ਇਹ ਵੀ ਸੱਚ ਹੈ ਕਿ ਵੱਡੇ ਵੱਡੇ ਰਾਜੇ, ਮਹਾਰਾਜੇ, ਸ਼ਹਿਨਸ਼ਾਹ ਜਿਹੜੇ ਆਪਣੇ ਆਪ ਨੂੰ 'ਰੱਬ' ਸਮਝਦੇ ਸਨ, ਆਖਰ ਸਮੇਂ ਦੀ ਚੱਕੀ ਵਿੱਚ ਪਿਸ ਕੇ ਖਾਕ ਹੋ ਗਏ। ਅਨੇਕਾਂ ਜ਼ਾਲਮ ਰਾਜਿਆਂ ਦਾ ਕੋਈ ਨਾਂਅ ਤੱਕ ਨਹੀਂ ਜਾਣਦਾ।

ਕੁਦਰਤ ਨੇ ਸਮੇਂ ਦੀ ਦਾਤ ਦਿੰਦਿਆਂ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ। ਹਰ ਕਿਸੇ ਨੂੰ ਇੱਕੋ ਜਿੰਨਾ ਅਤੇ ਬਰਾਬਰ ਸਮਾਂ ਹੀ ਦਿੱਤਾ ਹੈ। ਪਰ ਕੋਈ ਸਮੇਂ ਦਾ ਸਦਉਪਯੋਗ ਕਰ ਕੇ ਸਿਖਰਾਂ ਛੋਹ ਲੈਂਦਾ ਹੈ ਤੇ ਕੋਈ ਕੁੱਝ ਕਦਮ ਪੁੱਟ ਕੇ ਹੀ ਹਾਰ ਜਾਂਦਾ ਹੈ। ਕੁੱਝ ਲੋਕ ਜੀਵਨ ਵਿੱਚ ਸਿਰਫ਼ ਇਸ ਕਰਕੇ ਪਛੜ ਜਾਂਦੇ ਹਨ ਕਿ ਉਹ ਹਰ ਕੰਮ ਨੂੰ ਕੱਲ੍ਹ 'ਤੇ ਛੱਡਣ ਦਾ ਗੁਨਾਹ ਹੀ ਕਰਦੇ ਰਹੇ ਹੁੰਦੇ ਹਨ। ਬੈਂਜਾਮਿਨ ਫਰੈਂਕਲਿਨ ਨੇ ਸਹੀ ਕਿਹਾ ਹੈ-' ਜੇ ਤੁਹਾਨੂੰ ਆਪਣੇ ਜੀਵਨ ਨਾਲ ਪਿਆਰ ਹੈ ਤਾਂ ਸਮੇਂ ਨੂੰ ਵਿਅਰਥ ਨਾ ਗੁਆਉਣਾ, ਕਿਉਂਕਿ ਜੀਵਨ ਇਸ ਦੇ ਨਾਲ ਹੀ ਬਣਿਆ ਹੈ।



# ਗੁਰਬਾਣੀ ਵਿੱਚ ਦੁਬਿਧਾ ਦਾ ਸੰਕਲਪ

ਰਜਿੰਦਰ ਸਿੰਘ ਨੰਨੂਆ
ਰੂਪਨਗਰ

ਅੱਜ ਕੱਲ੍ਹ ਕੁੱਝ ਅਖੌਤੀ ਵਿਦਵਾਨ, ਕੁੱਝ ਨਾਮਵਰ ਪ੍ਰਚਾਰਕ ਅਤੇ ਕੁੱਝ ਸੰਸਥਾਵਾਂ ਦੇ ਮੁਖੀ ਨਿੱਜੀ ਕਾਰਨਾਂ ਜਾਂ ਰਾਜਨੀਤਿਕ ਲਾਭ ਪ੍ਰਾਪਤ ਕਰਨ ਦੀ ਲਾਲਸਾ ਵਸ ਅਤੇ ਬਹੁਗਿਣਤੀ ਦੀ ਖੁਸ਼ਨੂਦੀ ਹਾਸਲ ਕਰਨ ਲਈ ਕੁੱਝ ਅਜਿਹੇ ਅਨਮਤੀ ਕਰਮਕਾਂਡ ਕਰ ਰਹੇ ਹਨ ਜੋ ਸਿੱਖੀ ਸਿਧਾਂਤਾਂ ਨੂੰ ਢਾਹ ਲਾਉਂਦੇ ਹਨ। ਉਹ ਗੁਰਬਾਣੀ ਦੇ ਕੁੱਝ ਸ਼ਬਦਾਂ ਨੂੰ ਤੋੜ ਮਰੋੜ ਕੇ ਗਲਤ ਉਦਾਹਰਣਾਂ ਦੇ ਕੇ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ ਉਸ ਖਸਮ ਦੀ ਬਾਣੀ ਦੇ ੴ (ਇਕ ਓਅੰਕਾਰ) ਦੇ ਇੱਕ ਅਕਾਲ ਪੁਰਖ ਦੇ ਸਿਧਾਂਤ ਨੂੰ ਅੱਖੋਂ ਪਰੋਖੇ ਕਰ ਕੇ ਤਿਲਾਂਜਲੀ ਦਿੰਦੇ ਹੋਏ ਹਿੰਦੂ ਧਰਮ ਦੇ ਅਵਤਾਰਾਂ, ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਭਗਵਾਨ ਸਾਬਤ ਕਰਨ ਲਈ ਕੂੜ ਪ੍ਰਚਾਰ ਕਰ ਰਹੇ ਹਨ। ਇਸ ਨਾਲ ਸਿੱਖਾਂ ਵਿੱਚ ਸਿੱਖ ਪੰਥ ਦੇ ਇੱਕ ਅਕਾਲ ਪੁਰਖ ਦੇ ਸਿਧਾਂਤ ਪ੍ਰਤੀ ਦੁਬਿਧਾ ਪੈਦਾ ਕਰ ਰਹੇ ਹਨ ਜੋ ਕਿ ਗਲਤ ਹੈ।

ਦੁਬਿਧਾ ਵਿੱਚ ਪਿਆ ਮਨੁੱਖ ਕੋਈ ਨਿਸ਼ਾਨਾ ਪ੍ਰਾਪਤ ਨਹੀਂ ਕਰ ਸਕਦਾ। ਅਜਿਹਾ ਮਨੁੱਖ ਆਪਣੇ ਜ਼ਿੰਦਗੀ ਦੇ ਮਨੋਰਥ ਪੂਰੇ ਨਹੀਂ ਕਰ ਸਕਦਾ। ਉਹ ਆਪਣਾ ਜੀਵਨ ਘੁੰਮਣਘੇਰੀ ਵਿੱਚ ਗੁਆ ਬੈਠਦਾ ਹੈ। ਦੁਬਿਧਾ ਵਿੱਚ ਪਿਆ ਆਗੂ ਆਪਣੀ ਬੇੜੀ ਨੂੰ ਮੰਝਧਾਰ ਵਿੱਚ ਫਸਾ ਬੈਠਦਾ ਹੈ ਅਤੇ ਆਪਣੇ ਸਾਥੀਆਂ ਨੂੰ ਵੀ ਨਾਲ ਲੈ ਡੁੱਬਦਾ ਹੈ। ਸੋ ਅਜਿਹੇ ਮਤਲਬਪ੍ਰਸਤ ਆਗੂਆਂ ਅਤੇ ਅਖੌਤੀ ਪ੍ਰਚਾਰਕ ਜੋ ਆਪ ਦੁਬਿਧਾ ਵਿੱਚ ਫ਼ਸੇ ਹਨ ਅਤੇ ਕੌਮ ਨੂੰ ਦੁਬਿਧਾ ਵਿੱਚ ਪਾ ਰਹੇ ਹਨ, ਤੋਂ ਸੁਚੇਤ ਰਹਿਣਾ ਚਾਹੀਦਾ ਹੈ।

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਗਉੜੀ ਰਾਗ ਵਿੱਚ ਦੁਬਿਧਾ ਨੂੰ ਮਾਰਨ ਵਾਲੇ ਮਨੁੱਖ ਨੂੰ ' ਸੂਰਾ' ਕਹਿ ਕੇ ਵਡਿਆਇਆ ਹੈ। ਸੋ ਸਾਨੂੰ ਗੁਰਬਾਣੀ ਦੀ ਰੌਸ਼ਨੀ ਵਿੱਚ ਇੱਕ ਅਕਾਲ ਪੁਰਖ ਸਬੰਧੀ ਕਿਸੇ ਪ੍ਰਕਾਰ ਦੀ ਪੈਦਾ ਕੀਤੀ ਦੁਬਿਧਾ ਵਿੱਚ ਪੈਣ ਦੀ ਜ਼ਰੂਰਤ ਨਹੀਂ ਹੈ। ਜੋ ਵਿਅਕਤੀ ਦੁਬਿਧਾ ਨੂੰ ਮਾਰ ਲੈਂਦਾ ਹੈ, ਉਸ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 237 'ਤੇ ਗਉੜੀ ਰਾਗ ਵਿੱਚ ਸ਼ਬਦ ਇਸ ਪ੍ਰਕਾਰ ਹੈ:-

ਜੋ ਇਸੁ ਮਾਰੇ ਸੋਈ ਸੂਰਾ।। ਜੋ ਇਸੁ ਮਾਰੇ ਸੋਈ ਪੂਰਾ।।
ਜੋ ਇਸੁ ਮਾਰੇ ਤਿਸਹਿ ਵਡਿਆਈ।।
ਜੋ ਇਸੁ ਮਾਰੇ ਤਿਸੁ ਕਾ ਦੁਖੁ ਜਾਈ।।1।।
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ।।
ਇਸਹਿ ਮਾਰਿ ਰਾਜ ਜੋਗੁ ਕਮਾਵੈ।।1 ।।ਰਹਾਉ।।
ਜੋ ਇਸੁ ਮਾਰੇ ਤਿਸ ਕਉ ਭਉ ਨਾਹਿ।।
ਜੋ ਇਸੁ ਮਾਰੇ ਸੁ ਨਾਮਿ ਸਮਾਹਿ।।
ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ।।
ਜੋ ਇਸੁ ਮਾਰੇ ਸੁ ਦਰਗਹ ਸਿਝੈ।।2।।
ਜੋ ਇਸੁ ਮਾਰੇ ਸੋ ਧਨਵੰਤਾ।।
ਜੋ ਇਸੁ ਮਾਰੇ ਸੋ ਪਤਿਵੰਤਾ।।
ਜੋ ਇਸੁ ਮਾਰੇ ਸੋਈ ਜਤੀ।।
ਜੋ ਇਸੁ ਮਾਰੇ ਤਿਸੁ ਹੋਵੈ ਗਤੀ।।3।।
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ।।
ਜੋ ਇਸੁ ਮਾਰੇ ਸੋ ਨਿਹਚਲੁ ਧਨੀ।।
ਜੋ ਇਸੁ ਮਾਰੇ ਸੋ ਵਡਭਾਗਾ।।
ਜੋ ਇਸੁ ਮਾਰੇ ਸੁ ਅਨਦਿਨੁ ਜਾਗਾ।।4।।
ਜੋ ਇਸੁ ਮਾਰੇ ਸੁ ਜੀਵਨ ਮੁਕਤਾ।।
ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ।।
ਜੋ ਇਸੁ ਮਾਰੇ ਸੋਈ ਸੁਗਿਆਨੀ।।
ਜੋ ਇਸੁ ਮਾਰੇ ਸੁ ਸਹਜ ਧਿਆਨੀ।।5।।
ਇਸੁ ਮਾਰੀ ਬਿਨੁ ਥਾਇ ਨਾ ਪਰੈ।।
ਕੋਟਿ ਕਰਮ ਜਾਪ ਤਪ ਕਰੈ।।
ਇਸੁ ਮਾਰੇ ਬਿਨੁ ਜਨਮੁ ਨ ਮਿਟੈ।।
ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ।।6।।
ਇਸੁ ਮਾਰੀ ਬਿਨੁ ਗਿਆਨੁ ਨ ਹੋਈ।।
ਇਸੁ ਮਾਰੀ ਬਿਨੁ ਜੂਠਿ ਨਾ ਧੋਈ।।
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ।।
ਇਸੁ ਮਾਰੀ ਬਿਨੁ ਸਭ ਕਿਛੁ ਜਉਲਾ।।7।।
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ।।
ਤਿਸੁ ਭਈ ਖਲਾਸੀ ਹੋਈ ਸਗਲ ਸਿਧਿ।।
ਗੁਰਿ ਦੁਬਿਧਾ ਜਾ ਕੀ ਹੈ ਮਾਰੀ।।
ਕਹੁ ਨਾਨਕ ਸੋ ਬ੍ਰਹਮ ਬੀਚਾਰੀ।।8।।5।।

ਗੁਰੂ ਮਹਾਰਾਜ ਇਸ ਸ਼ਬਦ ਰਾਹੀਂ ਉਪਦੇਸ਼ ਦਿੰਦੇ ਹੋਏ ਸਪਸ਼ਟ ਕਰਦੇ ਹਨ ਕਿ ਜੋ ਵੀ ਮਨੁੱਖ ਕਿਸੀ ਵੀ ਕਾਰਜ ਪ੍ਰਤੀ, ਵਿਚਾਰ ਪ੍ਰਤੀ, ਸਿਧਾਂਤ ਪ੍ਰਤੀ, ਨਿਸ਼ਾਨੇ ਪ੍ਰਤੀ, ਪੰਥ ਪ੍ਰਤੀ, ਧਰਮ ਪ੍ਰਤੀ, ਸਿਮਰਨ ਪ੍ਰਤੀ ਦੁਬਿਧਾ ਰਖਦਾ ਹੈ, ਉਹ ਕਿਸੇ ਵੀ ਤਰ੍ਹਾਂ ਸਫ਼ਲ ਨਹੀਂ ਹੋ ਸਕਦਾ। ਜੋ ਵੀ ਆਪਣੇ ਮਨ ਵਿੱਚ ਪੈਦਾ ਹੋਈ ਕਿਸੇ ਵੀ ਪ੍ਰਕਾਰ ਦੀ ਦੁਬਿਧਾ ਨੂੰ ਖ਼ਤਮ ਕਰ ਲੈਂਦਾ ਹੈ, ਉਹ ਹੀ ਸੂਰਮਾ ਹੈ ਜੋ ਸਾਰੇ ਗੁਣਾਂ ਨੂੰ ਪ੍ਰਾਪਤ ਕਰ ਸਕਦਾ ਹੈ। ਜੋ ਆਪਣੇ ਅੰਦਰ ਦੁਬਿਧਾ ਨੂੰ ਮਾਰ ਲੈਂਦਾ ਹੈ, ਉਸ ਨੂੰ ਵਡਿਆਈ ਮਿਲਦੀ ਹੈ। ਉਸ ਦੇ ਅਸਫ਼ਲਤਾ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਅਜਿਹਾ ਮਨੁੱਖ ਰਾਜ ਜੋਗ ਕਮਾਉਂਦਾ ਹੈ, ਉੱਤਮ ਪੱਦਵੀ ਪਾਉਂਦਾ ਹੈ ਅਤੇ ਉਸ ਨੂੰ ਕਿਸੇ ਕਿਸਮ ਦਾ ਕੋਈ ਡਰ ਨਹੀਂ ਰਹਿੰਦਾ। ਜੋ ਮਨੁੱਖ ਆਪਣੇ ਮਨ ਵਿੱਚ ਦੁਬਿਧਾ ਕਾਰਨ ਪੈਦਾ ਹੋਏ ਹਨੇਰੇ ਨੂੰ ਦੂਰ ਕਰ ਲੈਂਦਾ ਹੈ, ਉਹ ਪਰਮਾਤਮਾ ਦੇ ਨਾਮ ਵਿੱਚ ਲੀਨ ਹੋ ਜਾਂਦਾ ਹੈ ਜਿਸ

ਕਾਰਨ ਉਸ ਦੀ ਮਾਇਆ ਪ੍ਰਤੀ ਤ੍ਰਿਸ਼ਨਾ ਬੁਝ ਜਾਂਦੀ ਹੈ। ਇਹ ਮਨੁੱਖ ਪ੍ਰਭੂ ਦੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੇ ਹਨ ਅਤੇ ਵਾਹਿਗੁਰੂ ਦਾ ਨਾਮ ਧਨ ਪਾ ਕੇ ਇੱਜ਼ਤ ਵਾਲੇ ਹੋ ਜਾਂਦੇ ਹਨ। ਜੋ ਇਸ ਦੁਬਿਧਾ ਨੂੰ ਮਾਰ ਲੈਂਦਾ ਹੈ ਉਹ ਹੀ ਜਤੀ ਕਹਿਲਾਉਂਦਾ ਹੈ ਅਤੇ ਉਸ ਨੂੰ ਉੱਚੀ ਆਤਮਕ ਅਵਸਥਾ ਹਾਸਲ ਹੋ ਜਾਂਦੀ ਹੈ। ਇਸ ਨਾਲ ਉਸ ਦਾ ਸੰਸਾਰ ਵਿੱਚ ਆਉਣਾ ਸਫ਼ਲ ਹੋ ਜਾਂਦਾ ਹੈ।

ਇਸ ਸੰਸਾਰ ਵਿੱਚ ਜੋ ਦੁਬਿਧਾ ਨੂੰ ਮਾਰ ਲੈਂਦਾ ਹੈ, ਉਹ ਹੀ ਅਸਲ ਧਨਾਢ ਅਤੇ ਵੱਡੇ ਕਰਮਾਂ ਵਾਲਾ ਹੈ। ਉਹ ਹੀ ਮਾਇਆ ਦੇ ਭਰਮ ਨਾਲ ਪੈਣ ਵਾਲੇ ਮਾੜੇ ਪ੍ਰਭਾਵਾਂ ਵਲੋਂ ਸੁਚੇਤ ਹੋ ਜਾਂਦਾ ਹੈ ਜਿਸ ਕਾਰਨ ਉਹ ਦੁਨੀਆਂ ਦੇ ਕਾਰ ਵਿਹਾਰ ਕਰਦਾ ਹੋਇਆ ਵੀ ਮਾਇਆ ਵਿੱਚ ਖਚਿਤ ਹੋਣ ਤੋਂ ਬਚਿਆ ਰਹਿੰਦਾ ਹੈ ਅਤੇ ਵਿਕਾਰਾਂ ਤੋਂ ਮੁਕਤ ਰਹਿੰਦਾ ਹੈ। ਇਸ ਦੁਬਿਧਾ ਨੂੰ ਮਾਰਨ ਵਾਲਾ ਹੀ ਆਪਣੇ ਜੀਵਨ ਦੀ ਰਹਿਣੀ-ਬਹਿਣੀ ਪਵਿੱਤਰ ਰੱਖਣ ਦੇ ਸਮਰੱਥ ਹੁੰਦਾ ਹੈ ਅਤੇ ਉਸ ਦੀ ਪ੍ਰਮਾਤਮਾ ਨਾਲ ਸਾਂਝ ਪੈ ਜਾਂਦੀ ਹੈ। ਜਿਸ ਕਾਰਨ ਉਹ ਆਤਮਿਕ ਤੌਰ 'ਤੇ ਅਡੋਕਤਾ ਵਿੱਚ ਟਿਕ ਜਾਂਦਾ ਹੈ।

ਜਿਹੜਾ ਮਨੁੱਖ ਆਪਣੇ ਮਨ ਵਿੱਚੋਂ ਦੁਬਿਧਾ ਨੂੰ ਦੂਰ ਨਹੀਂ ਕਰਦਾ, ਜਿਸ ਦਾ ਮਨ ਮਾਇਆ ਦੇ ਪ੍ਰਭਾਵ ਵਿੱਚ ਗ੍ਰਸਿਆ ਰਹਿੰਦਾ ਹੈ, ਉਹ ਚਾਹੇ ਕ੍ਰੋੜਾਂ ਜਪ ਤਪ ਕਰ ਲਵੇ, ਉਹ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਪ੍ਰਵਾਨ ਨਹੀਂ ਹੁੰਦਾ। ਜਦੋਂ ਤੱਕ ਕੋਈ ਮਨੁੱਖ ਮਾਇਆ ਦੇ ਪ੍ਰਭਾਵ ਕਾਰਨ ਪਈ ਦੁਬਿਧਾ ਵਿੱਚ ਫ਼ਸਿਆ ਰਹਿੰਦਾ ਹੈ, ਉਦੋਂ ਤੱਕ ਉਸ ਦਾ ਜਨਮ ਮਰਨ ਦਾ ਗੇੜ ਚੱਲਦਾ ਰਹਿੰਦਾ ਹੈ ਅਤੇ ਉਸ ਨੂੰ ਜਮਾਂ ਦੀ ਮਾਰ ਤੋਂ ਖ਼ਲਾਸੀ ਨਹੀਂ ਮਿਲਦੀ। ਦੁਬਿਧਾ ਨੂੰ ਮਾਰੇ ਬਗੈਰ ਗਿਆਨ ਦੀ ਪ੍ਰਾਪਤੀ ਵੀ ਨਹੀਂ ਹੁੰਦੀ। ਇਸ ਦੁਬਿਧਾ ਕਾਰਨ ਹੀ ਮਨ ਹੋਰ ਵਿਕਾਰੀ ਬਣਦਾ ਰਹਿੰਦਾ ਹੈ ਤੇ ਉਸ ਦੀ ਪ੍ਰਮਾਤਮਾ ਤੋਂ ਦੂਰੀ ਬਣੀ ਰਹਿੰਦੀ ਹੈ। ਗੁਰੂ ਜੀ ਉਪਦੇਸ਼ ਦਿੰਦੇ ਹੋਏ ਫੁਰਮਾਉਂਦੇ ਹਨ ਕਿ ਜਿਸ ਮਨੁੱਖ 'ਤੇ ਦਇਆ ਦੇ ਸਾਗਰ ਪ੍ਰਮਾਤਮਾ ਕ੍ਰਿਪਾ ਕਰਦੇ ਹਨ ਉਸ ਦੀ ਦੁਬਿਧਾ ਮੁੱਕ ਜਾਂਦੀ ਹੈ ਅਤੇ ਉਹ ਸਫ਼ਲਤਾ ਹਾਸਲ ਕਰ ਲੈਂਦਾ ਹੈ। ਜਿਸ ਦੀ ਦੁੱਬਿਧਾ ਗੁਰੂ ਨੇ ਕ੍ਰਿਪਾ ਕਰ ਕੇ ਮਾਰ ਦਿੱਤੀ ਹੈ ਉਹ ਪ੍ਰਮਾਤਮਾ ਦੇ ਗੁਣਾਂ ਦੀ ਵਿਚਾਰ ਕਰਨਯੋਗ ਹੋ ਜਾਂਦਾ ਹੈ।

ਇਸ ਪ੍ਰਕਾਰ ਗੁਰੂ ਮਹਾਰਾਜ ਨੇ ਸਿੱਖਾਂ ਨੂੰ ਆਪਣੇ ਮਨ ਵਿੱਚੋਂ ਹਰ ਪ੍ਰਕਾਰ ਦੀ ਦੁਬਿਧਾ ਕੱਢਣ ਲਈ ਉਪਦੇਸ਼ ਦਿੱਤਾ ਹੈ ਕਿਉਂਕਿ ਦੁਬਿਧਾ ਵਿੱਚ ਪਿਆ ਮਨੁੱਖ ਕਦੀ ਵੀ ਸਫ਼ਲ ਨਹੀਂ ਹੋ ਸਕਦ ਅਤੇ ਉਹ ਭਰਮ ਭੁਲੇਖਿਆ ਵਿੱਚ ਪੈ ਕੇ ਸਾਰੀ ਜ਼ਿੰਦਗੀ ਭਟਕਣਾ ਵਿੱਚ ਫਸ ਕੇ ਆਪਣਾ ਜੀਵਨ ਵਿਅਰਥ ਗੁਆ ਦਿੰਦਾ ਹੈ। ਇਸ ਲਈ ਸਿੱਖ ਕੌਮ ਨੂੰ ਇੱਕ ਅਕਾਲਪੁਰਖ ਸਬੰਧੀ ਕਿਸੇ ਪ੍ਰਕਾਰ ਦੀ ਦੁਬਿਧਾ ਵਿੱਚ ਨਹੀਂ ਪੈਣਾ ਚਾਹੀਦਾ ਅਤੇ ਗੁਮਰਾਹਕੁੰਨ ਪ੍ਰਚਾਰਕਾਂ/ ਵਿਦਵਾਨਾਂ ਦੇ ਇੱਕ ਅਕਾਲਪੁਰਖ ਸਬੰਧੀ ਪੈਦਾ ਕੀਤੇ ਜਾ ਰਹੇ ਭੁਲੇਖਿਆਂ ਤੋਂ ਗੁਰਬਾਣੀ ਦੀ ਰੋਸ਼ਨੀ ਵਿੱਚ ਸੁਚੇਤ ਰਹਿਣਾ ਚਾਹੀਦਾ ਹੈ। ਇਨ੍ਹਾਂ ਅਨਾੜੀ ਜਾਂ ਚਤੁਰ ਸਵਾਰਥੀ ਪ੍ਰਚਾਰਕਾਂ ਵਲੋਂ ਕੀਤੇ ਜਾ ਰਹੇ ਨਿਰਾਰਥਕ ਵਿਚਾਰਾਂ ਅਤੇ ਕਰਮ-ਕਾਂਡਾਂ ਨੂੰ ਨਕਾਰਦੇ ਹੋਏ ਦੁਬਿਧਾ ਨੂੰ ਦੂਰ ਕਰ ਕੇ ਕੇਵਲ ਇੱਕ ਅਕਾਲ ਪੁਰਖ ਨੂੰ ਮਨ ਵਿੱਚ ਵਸਾ ਕੇ ਧਿਆਉਣ ਨਾਲ ਹੀ ਪ੍ਰਭੂ ਦੀ ਦਰਗਾਹ ਵਿੱਚ ਮਾਣ ਵਡਿਆਈ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋਇਆ ਜਾ ਸਕਦਾ ਹੈ।

ਇਸ ਦੁਬਿਧਾ ਦੇ ਪ੍ਰਥਾਏ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਲੋਂ ਸੋਰਠ ਰਾਗ ਵਿੱਚ ਗੁਰੂ ਗ੍ਰੰਥ ਜੀ ਦੇ ਅੰਗ 634 'ਤੇ ਦੁਬਿਧਾ ਵਿੱਚ ਪੈਣ ਤੋਂ ਖ਼ਬਰਦਾਰ ਕੀਤਾ ਗਿਆ ਹੈ;

“ ਦੁਬਿਧਾ ਨ ਪੜਉ ਹਰਿ ਬਿਨੁ ਹੋਰ ਨਾ ਪੂਜਊ
ਮੜੇ ਮਸਾਣ ਨ ਜਾਈ।“

ਅਰਥਤ ਇਹ ਸਪਸ਼ਟ ਹਦਾਇਤ ਕੀਤੀ ਹੈ ਕਿ ਭਗਤੀ ਤੋਂ ਬਿਨਾਂ ਕਿਸੇ ਹੋਰ ਦੀ ਪੂਜਾ ਕਰਨ ਦੀ ਦੁਬਿਧਾ ਵਿੱਚ ਨਾ ਪਵੋ, ਨਾ ਹੀ ਕਿਸੇ ਦੀ ਮੜ੍ਹੀ ਜਾਂ ਕਬਰ 'ਤੇ ਉਸ ਨੂੰ ਧਿਆਉਣ ਲਈ ਜਾਉ। ਕੇਵਲ ਇੱਕ ਸ਼ਬਦ ਰੂਪ, ਪ੍ਰਮਾਤਮਾ ਦਾ ਧਿਆਨ ਧਰੋ।

**** ਇਹ ਲੇਖ ਸ. ਰਾਜਿੰਦਰ ਸਿੰਘ ਨਨੂੰਆਂ ਦੀ ਪੁਸਤਕ, “ਇਕ ਓਅੰਕਾਰ, ਇਕ ਅਕਾਲ” ਵਿੱਚੋਂ ਲਿਆ ਗਿਆ ਹੈ। ਗੁਰਮਤਿ ਗਿਆਨ ਦੀ ਇਹ ਪੁਸਤਕ 5 ਫਰਬਰੀ, 2026 ਨੂੰ ਸੈਣੀ ਭਵਨ ਰੂਪਨਗਰ ਵਿਖੇ ਰਿਲੀਜ਼ ਕੀਤੀ ਗਈ ਹੈ। ਇਹ ਪਵਿੱਤਰ ਰਸਮ ਬਾਬਾ ਸੁਖਵਿੰਦਰ ਸਿੰਘ ਅਨਹਦ, ਬਾਬਾ ਹਰਦੀਪ ਸਿੰਘ, ਸ. ਐਚ.ਐਸ ਪਾਬਲਾ ਰਿਟਾ.ਆਈ.ਏ.ਐਸ), ਸ. ਇੰਦਰਪਾਲ ਸਿੰਘ ਚੱਢਾ, ਪ੍ਰੋ.(ਰਿਟਾ.) ਭਗਵੰਤ ਸਿੰਘ ਸਤਿਆਲ, ਸੈਣੀ ਭਵਨ ਰੂਪਨਗਰ ਦੇ ਚੇਅਰਮੈਨ ਡਾ. ਅਜਮੇਰ ਸਿੰਘ, ਸਾਬਕਾ ਵਿਧਾਇਕ ਸ਼ਮਸ਼ੇਰ ਸਿੰਘ ਰਾਏ ਅਤੇ ਸ. ਸ਼ਵਿੰਦਰ ਸਿੰਘ ਭੱਕੂ ਮਾਜਰਾ ਨੇ ਇਕੱਠਿਆਂ ਹੀ ਨਿਭਾਈ। ਇਸ ਸਮੇਂ ਇਨ੍ਹਾਂ ਮੁੱਖ ਵਕਤਿਆਂ ਨੇ ਸ. ਰਾਜਿੰਦਰ ਸਿੰਘ ਨਨੂੰਆ ਦੀ ਇਸ ਅਨੂਠੀ ਗੁਰਮਤਿ ਦਰਸ਼ਨ ਦੀ ਦੁਰਲਭ ਪੁਸਤਕ ਦੀ ਸ਼ਲਾਘਾ ਕਰਦਿਆਂ ਇਸ ਨੂੰ ਖੋਜਭਰਪੂਰ ਤੇ ਅਦੁੱਤੀ ਸਾਹਿਤਿਕ ਕਿਰਤ ਅਤੇ ਸਿੱਖ ਜਗਤ ਲਈ ਬਹੁਮੁੱਲੀ ਦੱਸਿਆ। ਇਨ੍ਹਾਂ ਵਿਦਵਾਨਾਂ ਦਾ ਵਿਚਾਰ ਸੀ ਕਿ ਇਸ ਪੁਸਤਕ ਨੇ ਸਿੱਖ ਧਰਮ ਸਬੰਧੀ ਫੈਲਾਏ ਜਾ ਰਹੇ ਕਈ ਭਰਮ-ਭੁਲੇਖਿਆਂ ਨੂੰ ਦੂਰ ਕੀਤਾ ਹੈ। ਇਸ ਸਮੇਂ ਮੌਜੂਦ ਰਣਜੀਤ ਐਵੇਨਿਊ ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ ਦੇ ਮੈਂਬਰਾਂ, ਸੈਣੀ ਭਵਨ ਦੇ ਪ੍ਰਬੰਧਕੀ ਕਮੇਟੀ ਮੈਂਬਰਾਂ ਅਤੇ ਗੁਰਦੁਆਰਾ ਕਲਗੀਧਰ ਟਿੱਬੀ ਸਾਹਿਬ ਰੂਪਨਗਰ ਦੇ ਪ੍ਰਧਾਨ ਨੇ ਸ. ਰਾਜਿੰਦਰ ਸਿੰਘ ਨਨੂੰਆਂ ਨੂੰ ਸਰੋਪੇ ਭੇਂਟ ਕੀਤੇ। ਇਸ ਸਮਾਗਮ ਵਿੱਚ ਲੇਖਕ ਦੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ-ਨਜ਼ਦੀਕੀਆਂ ਤੋਂ ਇਲਾਵਾ ਸੈਣੀ ਭਵਨ ਦੇ ਟਰੱਸਟੀ

ਬਾਕੀ ਸਫ਼ਾ 16 ‘ਤੇ........

ਜਰਮਨ ਸੱਚੀ ਕਹਾਣੀ

## ਅਰਦਾਸ ਵਿੱਚ ਜੁੜੇ ਹੱਥ

ਮੂਲ ਲੇਖਕ-ਕੰਚਨਮਾਲਾ ਸਨਾਤਨਮ
ਅਨੁਵਾਦਕ-ਲਵਲੀਨ ਜੌਲੀ

ਪੰਦਰ੍ਹਵੀਂ ਸਦੀ ਵਿੱਚ ਜਰਮਨੀ ਦੇ ਸ਼ਹਿਰ ਨਿਊਰਮਬਰਗ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਡਿਊਹਰ ਨਾਮ ਦਾ ਇੱਕ ਸੁਨਿਆਰਾ ਰਹਿੰਦਾ ਸੀ। ਉਸ ਦਾ ਪਰਿਵਾਰ ਬੜਾ ਵੱਡਾ ਸੀ ਤੇ ਕਮਾਉਣ ਵਾਲਾ ਉਹ ਇਕੱਲਾ ਸੀ। ਉਸ ਦੇ ਅਠਾਰਾਂ ਬੱਚੇ ਸਨ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਆਪਣੇ ਅਠਾਰਾਂ ਬੱਚਿਆਂ ਤੇ ਪਤਨੀ ਲਈ ਦੋ ਵੇਲੇ ਦੀ ਰੋਟੀ ਦਾ ਜੁਗਾੜ ਕਰਨ ਲਈ ਉਸ ਨੂੰ ਕਿੰਨੀ ਮਿਹਨਤ ਕਰਨੀ ਪੈਂਦੀ ਹੋਵੇਗੀ। ਉਹ ਅਠਾਰਾਂ ਘੰਟੇ ਕੰਮ ਕਰਦਾ ਤੇ ਕਈ ਵਾਰੀ ਇਸ ਤੋਂ ਵੀ ਵੱਧ।

ਇਹ ਕਲਪਣਾ ਕੀਤੀ ਜਾ ਸਕਦੀ ਹੈ ਕਿ ਅਜਿਹੀ ਘੋਰ ਗ਼ਰੀਬੀ ਵਿੱਚ ਪਲ਼ ਰਹੇ ਬੱਚੇ ਰੋਟੀ ਤੋਂ ਅਗਾਂਹ ਵੀ ਕੁੱਝ ਵੇਖ ਸਕਦੇ ਹੋਣਗੇ, ਪਰ ਉਨ੍ਹਾਂ ਵਿੱਚੋਂ ਦੋ-ਐਲ ਬ੍ਰੈਖਤ ਤੇ ਐਲ ਬ੍ਰਟ ਸਨ, ਜੋ ਸੁਫ਼ਨੇ ਵੇਖਣ ਦੀ ਜੁਰਅਤ ਰੱਖਦੇ ਸਨ। ਦੋਵੇਂ ਬੜੇ ਲਾਇਕ, ਪ੍ਰਤਿਭਾਸ਼ਾਲੀ ਤੇ ਕਲਾ ਵਿੱਚ ਰੁਚੀ ਰਖਦੇ ਸਨ। ਉਨ੍ਹਾਂ ਦੀ ਨਿਊਰਮਬਰਗ ਦੀ ਪ੍ਰਸਿੱਧ ਅਕੈਡਮੀ ਵਿੱਚ ਕਲਾ ਦੀ ਸਿੱਖਿਆ ਲੈਣ ਦੀ ਤੀਬਰ ਖ਼ਾਹਿਸ਼ ਸੀ। ਉਹ ਇਸ ਕੌੜੀ ਸਚਾਈ ਤੋਂ ਭਲੀਭਾਂਤ ਜਾਣੂ ਸਨ ਕਿ ਉਨ੍ਹਾਂ ਦੇ ਪਿਤਾ ਉਨ੍ਹਾਂ ਵਿੱਚੋਂ ਇੱਕ ਨੂੰ ਵੀ ਉੱਥੇ ਪੜ੍ਹਨ ਲਈ ਨਹੀਂ ਭੇਜ ਸਕਦਾ, ਪਰ ਉਹ ਉੱਥੇ ਜਾਣ ਲਈ ਦ੍ਰਿੜ ਸਨ।

ਉਹ ਇੱਕ ਮੰਜੇ 'ਤੇ ਦੋ-ਦੋ, ਤਿੰਨ-ਤਿੰਨ ਕੱਠੇ ਹੋ ਕੇ ਸੁੱਤੇ ਹੋਏ ਪਾਸੇ ਮਾਰਦੇ ਤੇ ਉੱਠ ਉੱਠ ਬਹਿੰਦੇ ਸਨ, ਪਰ ਫਿਰ ਵੀ ਆਪਣੇ ਸੁਫ਼ਨਿਆਂ ਨੂੰ ਉਨ੍ਹਾਂ ਨੇ ਘੁੱਟ ਕੇ ਫੜੀ ਰੱਖਿਆ। ਆਪਣੀ ਖ਼ਾਹਿਸ਼ ਦੀ ਪੂਰਤੀ ਲ਼ਈ ਕੋਈ ਤਰੀਕਾ ਲੱਭਣ ਵਾਸਤੇ ਉਹ ਆਪੋ ਵਿੱਚ ਸਲਾਹਾਂ ਕਰਦੇ ਰਹਿੰਦੇ। ਅਖ਼ੀਰ ਬੜੀ ਸੋਚ ਵਿਚਾਰ ਤੋਂ ਬਾਅਦ ਉਹ ਇੱਕ ਫ਼ੈਸਲੇ 'ਤੇ ਪੁੱਜ ਗਏ। ਉਨ੍ਹਾਂ ਆਪਣੀ ਹੋਣੀ ਆਪ ਲਿਖਣ ਲਈ ਇੱਕ ਸਿੱਕਾ ਉਛਾਲਣ ਦਾ ਫ਼ੈਸਲਾ ਕੀਤਾ। ਫ਼ੈਸਲਾ ਇਹ ਸੀ ਕਿ ਜੇਤੂ ਅਕੈਡਮੀ ਜਾਵੇਗਾ ਅਤੇ ਹਾਰਨ ਵਾਲਾ ਨੇੜੇ ਦੀਆਂ ਖਾਣਾਂ ਵਿੱਚ ਕੰਮ ਕਰ ਕੇ ਉਸ ਦੀ ਫੀਸ ਦੇ ਪੈਸੇ ਭੇਜੇਗਾ। ਚਾਰ ਸਾਲ ਬਾਅਦ ਜੇਤੂ ਦੀ ਵਾਰੀ ਹੋਵੇਗੀ। ਜਾਂ ਤਾਂ ਉਹ ਆਪਣੀਆਂ ਕਲਾਕ੍ਰਿਤਾਂ ਵੇਚੇਗਾ ਜਾਂ ਕੋਈ ਹੋਰ ਨੌਕਰੀ ਕਰ ਕੇ ਆਪਣੇ ਭਰਾ ਨੂੰ ਅਕੈਡਮੀ ਵਿੱਚ ਪੜ੍ਹਨ ਲਈ ਭੇਜੇਗਾ। ਇਸ ਤਰ੍ਹਾਂ ਦੋਵਾਂ ਭਰਾਵਾਂ ਦੇ ਸੁਫ਼ਨੇ ਸਾਕਾਰ ਹੋ ਜਾਣਗੇ।

ਇੱਕ ਐਤਵਾਰ ਸਵੇਰੇ ਗਿਰਜੇ 'ਚ ਪ੍ਰਾਰਥਨਾ ਤੋਂ ਬਾਅਦ ਉਨ੍ਹਾਂ ਨੇ ਸਿੱਕਾ ਉਛਾਲਿਆ। ਐਲ ਬ੍ਰਟ ਜਿੱਤ ਗਿਆ ਤੇ ਉਹ ਸੁਫ਼ਨਿਆਂ ਭਰੀਆਂ ਅੱਖਾਂ ਨਾਲ ਨਿਊਰਮਬਰਗ ਦੀ ਅਕੈਡਮੀ ਵਿੱਚ ਕਲਾ ਦੀ ਸਿੱਖਿਆ ਲਈ ਚਲਾ ਗਿਆ। ਐਲ ਬ੍ਰੈਖਤ ਭਰਾ ਦੀ ਪੜ੍ਹਾਈ ਲਈ ਪੈਸੇ ਕਮਾਉਣ ਵਾਸਤੇ ਜੋਖ਼ਮ ਭਰੀਆਂ ਖਾਣਾ ਵਿੱਚ ਕੰਮ ਕਰਨ ਵਾਸਤੇ ਚਲਾ ਗਿਆ।

ਐਲ ਬ੍ਰਟ ਅਕੈਡਮੀ ਵਿੱਚ ਜਾ ਕੇ ਬੜਾ ਕਾਮਯਾਬ ਹੋਇਆ। ਉਹ ਜਮਾਂਦਰੂ ਕਲਾਕਾਰ ਸੀ ਅਤੇ ਅਕੈਡਮੀ ਨੇ ਉਸ ਦੀ ਜਮਾਂਦਰੂ ਪ੍ਰਤਿਭਾ ਨੂੰ ਹੋਰ ਨਿਖਾਰਨ ਵਿੱਚ ਉਸ ਦੀ ਮਦਦ ਕੀਤੀ। ਉਸ ਦੀਆਂ ਉਂਗਲਾਂ ਵਿੱਚ ਜਾਦੂ ਸੀ। ਉਸ ਦੇ ਕਾਟ-ਚਿੱਤਰ, ਤੇਲ-ਚਿੱਤਰ ਤੇ ਤਾਂਬੇ 'ਤੇ ਕੀਤੀ ਨੱਕਾਸ਼ੀ ਦੇ ਕੰਮ ਉਸ ਦੇ ਪ੍ਰੋਫੈਸਰਾਂ ਨਾਲੋਂ ਵੀ ਵਧੀਆ ਸਨ। ਉਹ ਆਪਣੇ ਕੰਮ ਵਿੱਚ ਇੰਨਾਂ ਸਫ਼ਲ ਹੋਇਆ ਕਿ ਸਿੱਖਿਆ ਖ਼ਤਮ ਹੋਣ ਤੱਕ ਉਹ ਕਮਿਸ਼ਨ ਵਿੱਚ ਮਿਲਦੇ ਕੰਮ ਵਿੱਚੋਂ ਚੋਖੀ ਕਮਾਈ ਕਰਨ ਲੱਗਿਆ।



ਜਦੋਂ ਉਹ ਆਪਣੇ ਪਿੰਡ ਵਾਪਸ ਆਇਆ ਤਾਂ ਉਸ ਦੇ ਸਨਮਾਨ ਵਿੱਚ ਭੋਜ ਦਿੱਤਾ ਗਿਆ। ਭੋਜ ਸਮੇਂ ਮਾਹੌਲ ਖ਼ੁਸ਼ੀਆਂ ਤੇ ਹਾਸਿਆਂ ਭਰਿਆ ਸੀ। ਉਸ ਸਮੇਂ ਭੋਜਨ ਦੇ ਨਾਲ ਖ਼ੁਸ਼ੀ ਤੇ ਮਸਤੀ ਭਰਿਆ ਸੰਗੀਤ ਵੀ ਚੱਲ ਰਿਹਾ ਸੀ। ਐਲ ਬ੍ਰਟ ਇਸ ਯਾਦਗਾਰੀ ਸ਼ਾਮ ਨੂੰ ਮਾਣ ਰਿਹਾ ਸੀ, ਪਰ ਉਸ ਨੂੰ ਆਪਣੇ ਭਰਾ ਨਾਲ ਕੀਤਾ ਵਾਅਦਾ ਨਹੀਂ ਸੀ ਭੁੱਲਿਆ। ਹੁਣ ਉਹ ਵਾਅਦਾ ਨਿਭਾਉਣ ਦਾ ਸਮਾਂ ਸੀ। ਆਪਣੇ ਭਰਾ ਦੀ ਉਸਤਤ ਕਰਨ ਵਾਸਤੇ ਉਹ ਮੇਜ਼ ਦੀ ਸਿਰੇ ਵਾਲੀ ਸੀਟ ਤੋਂ ਉੱਠਿਆ ਅਤੇ ਆਪਣੇ ਭਰਾ ਦੀ ਕੁਰਬਾਨੀ ਦਾ ਜ਼ਿਕਰ ਬੜੇ ਪਿਆਰ-ਸਤਿਕਾਰ ਨਾਲ ਕੀਤਾ। ਅਖ਼ੀਰ ਵਿੱਚ ਉਸ ਨੇ ਕਿਹਾ, "ਮੇਰੇ ਪਿਆਰੇ ਭਰਾ ਐਲ ਬ੍ਰੈਖਤ! ਹੁਣ ਤੇਰੀ ਵਾਰੀ ਏ ਨਿਊਰਮਬਰਗ ਵਿੱਚ ਜਾ ਕੇ ਆਪਣਾ ਸੁਫ਼ਨਾ ਸੱਚ ਕਰਨ ਦੀ"।

ਹਰ ਇੱਕ ਨੇ ਐਲ ਬ੍ਰੈਖਤ ਦੇ ਇਸ ਮਹਾਨ ਕਾਰਜ ਦੀ ਸ਼ਲਾਘਾ ਕੀਤੀ ਤੇ ਸਭ ਦੇ ਮੂੰਹ ਉਤਸੁਕਤਾ ਵਿੱਚ ਉਸ ਵੱਲ ਘੁੰਮ ਗਏ। ਪਰ ਐਲ ਬ੍ਰੈਖਤ ਸਿਰ ਝੁਕਾਈ ਬੈਠਾ ਸੀ। ਉਹ ਉਦਾਸ ਤੇ ਨਿੰਮੋਝੂਣਾ ਜਾਪਦਾ ਸੀ। ਉਸ ਦੀਆਂ ਗੱਲ੍ਹਾਂ ਹੰਝੂਆਂ ਨਾਲ ਭਰ ਆਈਆਂ। ਉਸ ਨੇ ਸਿਰ ਹਿਲਾਉਂਦਿਆਂ ਦਰਦ ਭਰੀ ਆਵਾਜ਼ ਵਿੱਚ ਕਿਹਾ, "ਨਹੀਂ! ਨਹੀਂ! ਨਹੀਂ!"।

ਘਰ ਦੇ ਸਾਰੇ ਮੈਂਬਰ ਹੈਰਾਨ-ਪ੍ਰੇਸ਼ਾਨ ਹੋ ਗਏ। ਉਹ ਆਪਣੀ ਕੁਰਸੀ ਤੋਂ ਉੱਠਿਆ ਅਤੇ ਆਪਣੇ ਅੱਥਰੂ ਪੂੰਝੇ। ਉਸ ਨੇ ਲੰਮੇ ਸਾਰੇ ਮੇਜ਼ 'ਤੇ ਬੈਠੇ ਸਾਰੇ ਪਿਆਰ ਭਰੇ ਚਿਹਰਿਆਂ ਵੱਲ ਵੇਖਿਆ, ਜੋ ਉਸ ਦੀ 'ਨਹੀਂ', ਨਹੀਂ' ਸੁਣ ਕੇ ਅਚੰਭਿਤ ਸਨ। ਉਸ ਆਪਣੇ ਕੰਬਦੇ ਹੱਥ ਉਤਾਂਹ ਕੀਤੇ ਤੇ ਸੱਜੇ ਹੱਥ ਨਾਲ ਆਪਣੀ ਗੱਲ੍ਹ ਨੂੰ ਛੂਹਿਆ। ਬੜੇ ਹੌਸਲੇ ਤੇ ਸੰਜਮ ਨਾਲ ਉਸ ਨੇ ਦੱਸਿਆ ਕਿ "ਚਾਰ ਸਾਲਾਂ ਦੇ ਖਾਣਾ ਦੇ ਕੰਮ ਨੇ ਉਸ ਦੇ ਨਿਪੁੰਨ ਹੁਨਰਮੰਦ ਹੱਥਾਂ ਦਾ ਕੀ ਹਾਲ ਕਰ

ਦਿੱਤਾ ਸੀ। ਉਸ ਦੇ ਹੱਥਾਂ ਦੀਆਂ ਸਾਰੀਆਂ ਉਂਗਲਾਂ ਦੀਆਂ ਹੱਡੀਆਂ ਇੱਕ ਇੱਕ ਵਾਰ ਟੁੱਟ ਚੁੱਕੀਆਂ ਸਨ। ਹੁਣ ਉਹ ਗਠੀਏ ਦਾ ਸ਼ਿਕਾਰ ਹੋ ਚੁੱਕਾ ਹੈ ਤੇ ਹੱਥਾਂ ਵਿੱਚ ਕਲਮ ਜਾਂ ਬੁਰਸ਼ ਨਹੀਂ ਫੜ ਸਕਦਾ। ਹੁਣ ਉਸ ਦੇ ਹੱਥ ਕਿਸੇ ਕੰਮ ਜੋਗੇ ਨਹੀਂ ਰਹੇ"। ਅਖੀਰ ਵਿੱਚ ਉਸ ਨੇ ਕਿਹਾ, "ਮੈਂ ਹੁਣ ਨਿਊਰਮਬਰਗ ਨਹੀਂ ਜਾ ਸਕਦਾ। ਮੇਰੇ ਪਿਆਰੇ ਵੀਰ, ਹੁਣ ਬਹੁਤ ਦੇਰ ਹੋ ਚੁੱਕੀ ਹੈ"।

ਇਹ ਸੁਣ ਕੇ ਐਲ ਬ੍ਰਟ ਦਾ ਹਿਰਦਾ ਦੁੱਖ ਨਾਲ ਭਰ ਗਿਆ। ਭਰਾ ਨੇ ਉਸ ਦੀ ਮਦਦ ਕਰਨ ਲਈ ਆਪਣੇ ਸੁਫ਼ਨੇ ਕੁਰਬਾਨ ਕਰ ਦਿੱਤੇ। ਉਸ ਦੀ ਸਫ਼ਲਤਾ ਉਸ ਦੇ ਭਰਾ ਦੀ ਬੇਗਰਜ਼ ਕੁਰਬਾਨੀ ਕਰ ਕੇ ਹੋਈ।

ਉਹ ਆਪਣੇ ਸਿਰ ਚੜ੍ਹਿਆ ਭਾਰ ਕਦੇ ਨਾ ਲਾਹ ਸਕਿਆ। ਉਸ ਨੇ ਆਪਣੇ ਭਰਾ ਦੀ ਇਸ ਮਹਾਨ ਕੁਰਬਾਨੀ ਨੂੰ ਸਤਿਕਾਰ ਭੇਂਟ ਕਰਨ ਦਾ ਫ਼ੈਸਲਾ ਕੀਤਾ। ਬੜੀ ਮਿਹਨਤ ਤੇ ਦੁੱਖ ਭਰੇ ਹਿਰਦੇ ਨਾਲ ਉਸ ਨੇ ਆਪਣੇ ਭਰਾ ਦੇ ਹੱਥਾਂ ਦਾ ਇੱਕ ਚਿੱਤਰ ਬਣਾਇਆ, ਜਿਸ ਵਿੱਚ ਦੋਵੇਂ ਤਲੀਆਂ ਇੱਕ ਦੂਜੇ ਨੂੰ ਛੂੰਹਦੀਆਂ ਅਤੇ ਪਤਲੀਆਂ ਉਂਗਲਾਂ ਆਕਾਸ਼ ਵੱਲ ਉੱਠੀਆਂ ਹੋਈਆਂ ਸਨ। ਉਸ ਨੇ ਇਸ ਮਹਾਨ ਕ੍ਰਿਤ ਨੂੰ 'ਹੱਥ' ਦਾ ਨਾਂ ਦਿੱਤਾ ਪਰ ਜਦੋਂ ਦੁਨੀਆਂ ਨੇ ਇਸ ਚਿੱਤਰ ਨੂੰ ਵੇਖਿਆ ਤਾਂ ਉਨ੍ਹਾਂ ਇਸ ਸ਼ਾਹਕਾਰ ਚਿੱਤਰ ਨੂੰ 'ਅਰਦਾਸ ਵਿੱਚ ਜੁੜੇ ਹੱਥ' ਦਾ ਨਾਂ ਦੇ ਦਿੱਤਾ।

ਐਲ ਬ੍ਰਟ ਦੇ ਸੈਂਕੜੇ ਪੋਰਟਰੇਟ, ਜਲ-ਚਿੱਤਰ, ਸਕੈੱਚ, ਚਾਰਕੋਲ ਚਿੱਤਰ ਅਤੇ ਕਾਠ-ਚਿੱਤਰ ਦੁਨੀਆਂ ਭਰ ਦੇ ਕਈ ਅਜਾਇਬ ਘਰਾਂ ਦੀ ਸ਼ੋਭਾ ਹਨ। ਸਾਡੇ ਵਿੱਚੋਂ ਬਹੁਤੇ 'ਅਰਦਾਸ ਵਿੱਚ ਜੁੜੇ ਹੱਥ' ਤੋਂ ਹੀ ਜਾਣੂ ਹਨ। ਇਸ ਦੀਆਂ ਕਾਪੀਆਂ, ਸਕੂਲਾਂ, ਕਾਲਜਾਂ, ਦਫ਼ਤਰਾਂ ਤੇ ਘਰਾਂ ਵਿੱਚ ਲੱਗੀਆਂ ਦਿਸਦੀਆਂ ਹਨ। ਜੇ ਕਿਤੇ ਇਹ ਦਿਲ ਛੂਹਣ ਵਾਲੀ ਕਲਾਕ੍ਰਿਤ ਤੁਹਾਨੂੰ ਦਿਸੇ ਤਾਂ ਇਸ ਨੂੰ ਵੇਖ ਕੇ ਇੱਕ ਵਾਰੀ ਰੁਕ ਜਾਣਾ। ਧਿਆਨ ਨਾਲ ਵੇਖਿਆਂ ਇਸ ਦੇ ਥੱਲੇ ਅਣਲਿਖਿਆ ਸੁਨੇਹਾ ਪੜ੍ਹ ਸਕੋਗੇ ਕਿ ਕੋਈ ਵੀ ਇਕੱਲਿਆਂ ਕੁੱਝ ਪ੍ਰਾਪਤ ਨਹੀਂ ਕਰ ਸਕਦਾ। ਸਾਡੀ ਕਾਮਯਾਬੀ ਸਾਡੇ ਆਪਣਿਆਂ ਦੀ ਕੁਰਬਾਨੀ ਦੀ ਨੀਂਹ 'ਤੇ ਉੱਸਰਦੀ ਹੈ। ਸਫ਼ਲਤਾ ਦੀਆਂ ਪੌੜੀਆਂ ਚੜ੍ਹਦਿਆਂ ਇਹ ਗੱਲ ਮਨ ਵਿੱਚ ਰੱਖਿਆ ਕਰੋ। ਇਹ ਗੱਲ ਤੁਸੀਂ ਬੜੀ ਵਾਰ ਸੁਣੀ ਹੋਵੇਗੀ ਕਿ ਕਾਮਯਾਬੀ ਦਾ ਰਾਜ਼, ਸਖ਼ਤ ਮਿਹਨਤ ਹੈ। ਕਾਮਯਾਬੀ ਦਾ ਇੱਕ ਹੋਰ ਰਾਜ਼, ਕੁਰਬਾਨੀ ਵੀ ਹੈ। ਇਹ ਸੱਚੀ ਕਹਾਣੀ ਹੈ ( ਇਸ ਦਾ ਸਬੰਧ ਹਰ ਇੱਕ ਨਾਲ ਹੋ ਸਕਦਾ ਹੈ। ਮੇਰੇ ਨਾਲ ਤਾਂ ਜ਼ਰੂਰ ਹੈ। -ਸੰਪਾਦਕ

(ਪੰਜਾਬੀ ਟ੍ਰਿਬਿਊਨ ਵਿੱਚੋਂ ਧੰਨਵਾਦ ਸਹਿਤ)

❊ ❊ ❊ ❊ ❊

ਕਿਤਾਬਾਂ ਬਿਨਾਂ ਕਮਰਾ ਇਸ ਤਰ੍ਹਾਂ ਹੈ
ਜਿਵੇਂ ਆਤਮਾ ਬਿਨਾਂ ਸਰੀਰ-
ਰੋਮਨ ਦਾਰਸ਼ਨਿਕ ਸਿਸੋਰ



## ਜਨਵਰੀ-ਮਾਰਚ, 2026 ਦੌਰਾਨ ਸੈਣੀ ਭਵਨ ਦੀ ਵਿਤੀ ਸਹਾਇਤਾ ਕਰਨ ਵਾਲੇ ਦਾਨੀ ਸੱਜਣ

ਜਗਦੇਵ ਸਿੰਘ
ਸੈਣੀ ਭਵਨ ਰੂਪਨਗਰ

**ੳ) ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੂੰ ਵਜ਼ੀਫਿਆਂ ਲਈ-**

1. ਸ. ਬਲਦੇਵ ਸਿੰਘ ਮੁੰਦਰਾ, ਮੁੰਬਈ = 200000/
2. ਸ. ਹਰਨੇਕ ਸਿੰਘ, ਪਿੰਡ-ਕੋਟਲਾ ਨਿਹੰਗ, ਜ਼ਿਲ੍ਹਾ-ਰੂਪਨਗਰ= 11000/

ਅ) ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਨੂੰ ਸਮਾਜਸੇਵੀ ਕਾਰਜਾਂ ਲਈ-

1. ਸ. ਬਘੇਲ ਸਿੰਘ ਮਾਲਕ ਰੋਪੜ ਪ੍ਰੋਰਪਰਟੀਜ਼ ਅਤੇ ਬਿਲਡਰਜ਼ - 51000/
2. ਟਰੱਸਟ ਫਾਰ ਦ ਵੈਲਫੇਅਰ ਆਫ਼ ਵੰਜਾਰਾ ਐਂਡ ਅਦਰ ਵੀਕਰ ਸੈਕਸ਼ਨਜ਼, ਮੋਹਾਲੀ=10000/
3. ਸ. ਤਰਲੋਚਨ ਸਿੰਘ ਕੈਨੇਡਾ, # ਗਿ. ਜ਼ੈ.ਸਿੰ. ਨਗਰ ਰੂਪਨਗਰ=10000/
4. ਸ. ਗੁਰਨਾਮ ਸਿੰਘ, ਪਿੰਡ-ਸ਼ਾਮਪੁਰਾ, ਜ਼ਿਲ੍ਹਾ-ਰੂਪਨਗਰ= 6000/
5. ਸ. ਜਸਵੰਤ ਸਿੰਘ ਜਗੈਤ, ਕੈਲਗਰੀ (ਕੈਨੇਡਾ)-6000/-
6. ਇੰਨਰਵੀਲ੍ਹ ਕਲੱਬ, ਰੂਪਨਗਰ= 3100/
7. ਰੋਟਰੀ ਕਲੱਬ, ਰੂਪਨਗਰ=2100/
8. ਜ਼ਿਲ੍ਹਾ ਪੁਲਿਸ ਸਾਂਝ ਕੇਂਦਰ, ਰੂਪਨਗਰ=2100/
9. ਰਜਨੀ ਹਰਬਲਜ਼, ਪਿੰਡ-ਮਲਕਪੁਰ=ਖ਼ੂਨਦਾਨੀਆਂ ਲਈ ਗਿਫਟ।
10. ਗੁਰੂ ਨਾਨਕ ਕਰਿਆਨਾ ਸਟੋਰ, ਪਪਰਾਲਾ = ਖ਼ੂਨਦਾਨੀਆਂ ਲਈ ਰਿਫਰੈਸ਼ਮੈਂਟ।
11. ਹੀਰਾ ਕਰਿਆਨਾ ਸਟੋਰ, ਰੂਪਨਗਰ = ਖ਼ੂਨਦਾਨੀਆਂ ਲਈ ਪਾਣੀ।

**ਮੈਗਜ਼ੀਨ ਸੈਣੀ ਸੰਸਾਰ ਦੇ ਨਵੇਂ ਪੰਜ ਸਾਲਾ ਮੈਂਬਰ-**

1. ਸ਼੍ਰੀਮਤੀ ਸੁਰਿੰਦਰ ਕੌਰ ਸੈਣੀ, # 73, ਰਣਜੀਤ ਐਵੇਨਿਊ, ਰੂਪਨਗਰ=1100/
2. ਸ.ਬਲਵਿੰਦਰ ਸਿੰਘ, # 485, ਗਿ.ਜ਼ੈ.ਸਿੰ.ਨਗਰ ਰੂਪਨਗਰ=700/
3. ਸ਼੍ਰੀਮਤੀ ਮਨਜੀਤ ਕੌਰ, ਪਿੰਡ-ਸੈਣੀ ਮਾਜਰਾ, ਜ਼ਿਲ੍ਹਾ-ਰੂਪਨਗਰ=500/
4. ਸ. ਦਿਲਬਾਗ ਸਿੰਘ, ਪਿੰਡ-ਬਹਾਦੁਰਪੁਰ, ਜ਼ਿਲ੍ਹਾ-ਰੂਪਨਗਰ=500/

ਬਾਕੀ ਸਫ਼ਾ 15 'ਤੇ........



ਕਵਿਤਾ

## ਯਾਦਾਂ

**ਡਾ. ਜਸਵੰਤ ਕੌਰ,**
ਸੈਣੀ ਭਵਨ ਰੂਪਨਗਰ

ਖਰੀਦਿਆ ਜਾ ਨਹੀਂ ਸਕਦਾ,
ਚਾਂਦੀ ਨਾਲ, ਨਾ ਸੋਨੇ ਨਾਲ।
ਬਚਪਨ, ਜੋ ਪਰਚ ਜਾਂਦਾ ਸੀ,
ਮਿੱਟੀ ਦੇ ਇੱਕ ਖਿਡੌਣੇ ਨਾਲ।
ਖਿੜ ਖਿੜ ਕੇ ਹੱਸਣਾ ਤੇ ਹੱਸੀ ਹੀ ਜਾਣਾ,
ਰੁੱਸ ਰੁੱਸ ਕੇ ਬਹਿਣਾ ਤੇ ਰੁੱਸੀ ਹੀ ਜਾਣਾ
ਉਹ ਨਿੱਕੇ ਨਿੱਕੇ ਚੋਹਲ ਤੇ ਨਿੱਕੀ ਨਿੱਕੀ ਤੱਕਣੀ।
ਕਾਸ਼! ਸਦਾ ਓਡੀ ਹੀ ਰਹਿੰਦੀ,
ਰੱਬਾ! ਕਦੇ ਮੈਂ ਹੁੰਦੀ ਨਾ ਵੱਡੀ ।
ਉਹ ਬਾਬਲ ਦੀਆਂ ਝਿੜਕਾਂ,
ਅੰਮੀ ਦੀਆਂ ਡਾਂਟਾਂ, ਉਹ ਉਦੋਂ ਸੀ ਕੌੜੀਆਂ,
ਹੁਣ ਮਿੱਠੀਆਂ ਨੇ ਯਾਦਾਂ,
ਉਹ ਧੂੰਹਦੀਆਂ ਨੇ ਦਿਲ ਨੂੰ
ਪਏ ਹੌਕੇ ਜਿਹੇ ਆਉਂਦੇ,
ਰੱਬਾ! ਕਦੇ ਉਹ ਦਿਨ ਆਵਣ ਜੇ ਮੁੜ ਕੇ,
ਮੈਂ ਘੁੱਟ ਘੁੱਟ ਉਨ੍ਹਾਂ ਨੂੰ ਛਾਤੀ ਨਾਲ ਲਾਵਾਂ
ਤੇ ਚੁੰਮ ਚੁੰਮ ਉਨ੍ਹਾਂ ਨੂੰ ਫਾਵੀ ਹੁੰਦੀ ਜਾਵਾਂ
ਜੀਅ ਚਾਹੁੰਦਾ ਲੁਕੋ ਕੇ ਸੰਦੂਕੇ ਛੁਪਾਵਾਂ
ਨਾ ਮੋੜਾਂ ਕਦੇ ਕੋਈ ਕਿੰਨਾ ਵੀ ਝਿੜਕੇ

❋ ❋ ❋ ❋ ❋

......ਸਫ਼ਾ 14 ਦੀ ਬਾਕੀ

5. ਸ. ਗੁਰਮੁਖ ਸਿੰਘ ਲੌਂਗੀਆ,# ਪ੍ਰੀਤ ਕਾਲੋਨੀ, ਰੂਪਨਗਰ=500/
6. ਸ਼੍ਰੀਮਤੀ ਮਨਜੀਤ ਕੌਰ, ਪਿੰਡ-ਕੋਟਲਾ ਨਿਹੰਗ,ਜ਼ਿਲ੍ਹਾ-ਰੂਪਨਗਰ=500/
7. ਸ. ਕਰਤਾਰ ਸਿੰਘ, ਪਿੰਡ-ਕੋਟਲਾ ਟੱਪਰੀਆਂ, ਜ਼ਿਲ੍ਹਾ-ਰੂਪਨਗਰ=500/
8. ਸ਼੍ਰੀ ਹੇਮੰਤ ਕੁਮਾਰ, # ਹੁਸ਼ਿਆਰਪੁਰ =500/
9. ਸ. ਗੁਰਮੇਲ ਸਿੰਘ ਸਾ.ਸਰਪੰਚ ਪਿੰਡ ਕੋਟਲਾ ਟੱਪਰੀਆਂ=500/

## ਚੜ੍ਹਤ ਹੋਈ ਦਸਤਾਰ ਦੀ

### ਅਮਰੀਕਾ ਵਿੱਚ ਪਹਿਲਾ ਸਿੱਖ ਮੇਅਰ :



ਪੰਜਾਬੀ ਵਿਸ਼ਵਭਰ ਵਿੱਚ ਰਾਜਨੀਤਿਕ ਤੇ ਸਮਾਜਿਕ ਖੇਤਰਾਂ ਵਿੱਚ ਆਪਣੀ ਪੈਂਠ ਬਣਾ ਰਹੇ ਹਨ। ਜਲੰਧਰ ਦੇ ਗੁਰੂ ਤੇਗ ਬਹਾਦਰ ਨਗਰ ਦੇ ਪਰਿਵਾਰ ਦੇ ਨੌਜਵਾਨ ਇੰਜਨੀਅਰ ਸਵਰਨਜੀਤ ਸਿੰਘ ਖਾਲਸਾ ਨੇ ਅਮਰੀਕਾ ਦੇ ਕਨੈਕਟੀਕਟ ਸੂਬੇ ਦੇ ਸ਼ਹਿਰ ਨੌਰਵਿੱਚ ਦੇ ਪਹਿਲੇ ਪਗੜੀਧਾਰੀ ਸਿੱਖ ਮੇਅਰ ਬਣ ਕੇ ਇਤਿਹਾਸ ਸਿਰਜਿਆ ਹੈ। ਇਸ ਸ਼ਹਿਰ ਵਿੱਚ ਕੇਵਲ 10 ਸਿੱਖ ਪਰਿਵਾਰ ਰਹਿੰਦੇ ਹਨ। ਆਪ ਨੇ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਵਜੋਂ ਜਿੱਤ ਹਾਸਲ ਕੀਤੀ ਹੈ। ਇਸ ਚੋਣ ਵਿੱਚ ਸਵਰਨਜੀਤ ਸਿੰਘ ਨੂੰ 2458 ਅਤੇ ਉਸ ਦੇ ਵਿਰੋਧੀ ਟਰੇਸੀ ਗੋਲਡ ਨੂੰ 2250 ਵੋਟਾਂ ਪਈਆਂ। ਉਹ ਇਸ ਤੋਂ ਪਹਿਲਾਂ ਦੋ ਵਾਰ ਇਸ ਸ਼ਹਿਰ ਦਾ ਕੌਂਸਲਰ ਰਹਿ ਚੁੱਕਾ ਹੈ। ਉਸ ਨੇ ਡੀ.ਏ.ਵੀ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੌਜੀ ਜਲੰਧਰ ਤੋਂ ਕੰਪਿਊਟਰ ਸਾਇੰਸ ਦੀ ਹਾਸਲ ਕੀਤੀ ਅਤੇ ਅਮਰੀਕਾ ਵਿੱਚ ਨਿਊ ਜਰਸੀ ਇੰਸਟੀਚਿਊਟ ਆਫ਼ ਟੈਕਨਾਲੌਜੀ ਤੋਂ ਮਾਸਟਰ ਡਿਗਰੀ ਹਾਸਲ ਕੀਤੀ। ਉਹ 2007 ਵਿੱਚ ਅਮਰੀਕਾ ਆਇਆ ਸੀ। ਉਸ ਨੇ ਪੜ੍ਹਾਈ ਤੋਂ ਬਾਅਦ ਉਸਾਰੀ ਦੇ ਖੇਤਰ ਵਿੱਚ ਆਪਣਾ ਕਾਰੋਬਾਰ ਸ਼ੁਰੂ ਕੀਤਾ ਅਤੇ ਫਿਰ ਰਾਜਨੀਤੀ ਵਿੱਚ ਪੈਰ ਰੱਖਿਆ ਤੇ ਸਥਾਨਿਕ ਲੋਕਾਂ ਦੇ ਮਸਲਿਆਂ ਨੂੰ ਉਭਾਰਿਆ। ਸਵਰਨਜੀਤ ਸਿੰਘ ਦੇ ਪਿਤਾ ਸ. ਪਰਮਿੰਦਰ ਸਿੰਘ ਇੱਥੇ ਖਾਲਸਾ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁਖੀ ਹਨ। ਉਨ੍ਹਾਂ ਨੇ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਜਿਸ ਨਾਲ ਲੋਕਾਂ ਵਿੱਚ ਹਰਮਨਪਿਆਰੇ ਹੋ ਗਏ। ਆਪ ਨੂੰ 2017 ਵਿੱਚ ਫੈਡਰਲ ਬਿਓਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਵਲੋਂ ' ਕਮਿਊਨਿਟੀ ਲੀਡਰਸ਼ਿਪ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਸ ਪੰਜਾਬੀ ਸਿੱਖ ਦੀ ਪ੍ਰਾਪਤੀ ਨਾਲ ਸਾਰੇ ਵਿਸ਼ਵ ਦੇ ਸਿੱਖਾਂ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ।

❋ ❋ ❋ ❋ ❋

ਆਪਣੇ ਪਿੰਡ ਦੀਆਂ ਗਲੀਆਂ ਵਿੱਚ
ਮੈਂ ਜਦ ਵੀ ਘੁੰਮ ਕੇ ਆਇਆ ਹਾਂ।
ਕੁੱਝ ਯਾਦਾਂ ਲੈ ਕੇ ਆਇਆ ਹਾਂ।
ਕੁੱਝ ਪੈੜਾਂ ਚੁੰਮ ਕੇ ਆਇਆ ਹਾਂ।

## ਸੈਣੀ ਬਰਾਦਰੀ ਦੇ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਮੈਂਬਰ

**ਅਮਰਜੀਤ ਸਿੰਘ**
**ਸੈਣੀ ਭਵਨ ਰੂਪਨਗਰ**



**ਜ਼ਿਲ੍ਹਾ-ਰੂਪਨਗਰ.**
ਜ਼ਿਲ੍ਹਾ ਪਰਿਸ਼ਦ ਮੈਂਬਰ-
1. **ਸ਼੍ਰੀ ਦੇਸ ਰਾਜ ਪੁੱਤਰ ਸ਼੍ਰੀ ਕਰਮ ਚੰਦ,** # ਸੈਣੀ ਮਾਜਰਾ, ਜੋਨ-ਤਖਤਗੜ੍ਹ,ਫੋਨ-9815833403
2. **ਸ਼੍ਰੀਮਤੀ ਸਤਿੰਦਰ ਕੌਰ** ਪਤਨੀ ਸ.ਪਰਮਿੰਦਰ ਸਿੰਘ ਬਾਲਾ,#ਚੰਦਪੁਰ, ਜੋਨ-ਮੀਆਂਪੁਰ,ਫੋਨ-9417986468

**ਬਲਾਕ ਸੰਮਤੀ ਮੈਂਬਰ-**
1. **ਸ਼੍ਰੀ ਲ਼ਲਿਤ ਕੁਮਾਰ** ਪੁੱਤਰ ਸ.ਮਨੋਹਰ ਸਿੰਘ,ਪਿੰਡ-ਡਕਾਲਾ,ਜ਼ੋਨ-ਚੰਦਪੁਰ,ਫੋਨ-9815661461
2. **ਸ.ਅਮਨਦੀਪ ਸਿੰਘ** ਪੁੱਤਰ ਸ.ਹਰਜਿੰਦਰ ਸਿੰਘ,ਪਿੰਡ-ਸੈਣੀ ਮਾਜਰਾ,ਜ਼ੋਨ-ਘਨੌਲਾ,ਫੋਨ-9041783931
3. **ਸ਼੍ਰੀਮਤੀ ਮਨਜੀਤ** ਕੌਰ ਪਤਨੀ ਸ.ਜਗਦੀਪ ਸਿੰਘ,ਪਿੰਡ-ਥਲੀ ਕਲਾਂ,ਜ਼ੋਨ- ਮਕੌੜੀ ਕਲਾਂ,ਫੋਨ-9915192890
4. **ਸ.ਅੰਮ੍ਰਿਤਪਾਲ ਸਿੰਘ** ਪੁੱਤਰ ਸ. ਪਿੰਡ-ਫੂਲ ਖੁਰਦ, ਜ਼ੋਨ-ਖੈਰਾਬਾਦ,ਫੋਨ-9814546333
5. **ਸ਼੍ਰੀਮਤੀ ਰਾਜਵਿੰਦਰ ਕੌਰ** ਪਤਨੀ ਸ.ਜਤਿੰਦਰ ਸਿੰਘ,ਪਿੰਡ-ਫਰੋਜਪੁਰ, ਜੋਨ-ਬੇਲਾ, ਫੋਨ-9056358239
6. **ਸ.ਜਗਤਾਰ ਸਿੰਘ** ਪੁੱਤਰ ਸ.ਜਸਵਿੰਦਰ ਸਿੰਘ,ਪਿੰਡ-ਜਟਾਣਾ,ਜੋਨ-ਹਾਫਿਜਾਬਾਦ,ਫੋਨ-9501812542
7. **ਸ਼੍ਰੀਮਤੀ ਰਣਜੀਤ ਕੌਰ** ਪਤਨੀ ਸ.ਭੁਪਿੰਦਰ ਸਿੰਘ,ਪਿੰਡ-ਖੇੜੀ ਸਲਾਬਤਪੁਰ,ਜੋਨ-ਭਲਿਆਣ,ਫੋਨ-9463652615
8. **ਸ਼੍ਰੀ ਹੇਮੰਤ ਕੁਮਾਰ** ਪੁੱਤਰ ਸ਼੍ਰੀ ਮੋਹਨ ਸਿੰਘ,ਪਿੰਡ-ਸੈਣੀ ਮਾਜਰਾ,ਜੋਨ-ਸਸਕੌਰ, ਫੋਨ-9463821435

**ਜ਼ਿਲ੍ਹਾ ਜਲੰਧਰ**
**ਬਲਾਕ ਸੰਮਤੀ ਮੈਂਬਰ**
**ਸ਼੍ਰੀਮਤੀ ਮਨਪ੍ਰੀਤ ਕੌਰ** ਪਤਨੀ ਸ.ਸੁਖਵਿੰਦਰ ਸਿੰਘ,ਪਿੰਡ-ਲਸਾੜਾ,ਜੋਨ-ਗੰਨਾ ਪਿੰਡ,ਫੋਨ-9041243847

**ਜ਼ਿਲ੍ਹਾ-ਐਸ.ਬੀ.ਐਸ.ਨਗਰ.**
**ਬਲਾਕ ਸੰਮਤੀ ਮੈਂਬਰ-**
1 **ਸ. ਮਹਿੰਦਰ ਸਿੰਘ ਪਾਬਲਾ** ਪੁਤਰ ਸ.ਗੁਰਮੁਖ ਸਿੰਘ,ਪਿੰਡ ਅਤੇ ਜੋਨ-ਉੜਾਪੜ, ਫੋਨ-9780708575
2 **ਸ਼੍ਰੀਮਤੀ ਪਰਮਿੰਦਰ ਕੌਰ** ਪਤਨੀ ਸ.ਓਂਕਾਰ ਸਿੰਘ,ਪਿੰਡ ਤੇ ਜੋਨ-ਲਧਾਣਾ ਝਿੱਕਾ, ਫੋਨ-9501617005
3 **ਸ.ਮਹਿੰਦਰ ਸਿੰਘ** ਬੰਗਾ ਪੁੱਤਰ ਸ.ਗਿਆਨ ਸਿੰਘ,ਪਿੰਡ-ਸੂਰਾਪੁਰ,ਜੋਨ-ਨੌਰਾ,ਫੋਨ-9815175474
4 **ਸ. ਭੁਪਿੰਦਰ ਸਿੰਘ** ਪੁੱਤਰ ਸ. ਦਰਸ਼ਨ ਸਿੰਘ, ਪਿੰਡ-ਭਾਰਟਾ ਖੁਰਦ,ਜੋਨ-ਬਜੀਦਪੁਰ ਫੋਨ-9463686903
5 **ਸ਼੍ਰੀਮਤੀ ਬਰਿੰਦਰ ਕੌਰ** ਪਤਨੀ ਸ.ਜੋਗਿੰਦਰ ਸਿੰਘ ਸੈਣੀ,ਪਿੰਡ-ਬਘੌਰਾ,ਜੋਨ-ਬਰਨਾਲਾ,ਫੋਨ-9356047550

**ਜ਼ਿਲ੍ਹਾ-ਹੁਸ਼ਿਆਰਪੁਰ**
**ਜ਼ਿਲ੍ਹਾ ਪਰਿਸ਼ਦ ਮੈਂਬਰ-**
**ਸ਼੍ਰੀਮਤੀ ਗਗਨਦੀਪ ਕੌਰ** ਪਤਨੀ ਸ਼੍ਰੀ ਕੇਸ਼ਵ ਸਿੰਘ,ਪਿੰਡ-ਹਰਸੀ ਪਿੰਡ,ਜੋਨ-ਟਾਂਡਾ, ਫੋਨ-9872619494
ਬਲਾਕ ਸੰਮਤੀ ਮੈਂਬਰ-
1. **ਸ.ਲਵਦੀਪ ਸਿੰਘ** ਪੁੱਤਰ ਸ.ਗੁਰਮੀਤ ਸਿੰਘ, ਪਿੰਡ ਤੇ ਜੋਨ-ਹਰਸੀ ਪਿੰਡ, ਫੋਨ-9501432010
2. **ਸ਼੍ਰੀਮਤੀ ਹਰਦੀਪ ਕੌਰ** ਪਤਨੀ ਸ.ਨਵਜੋਤ ਸਿੰਘ,ਪਿੰਡ ਤੇ ਜੋਨ-ਨੰਗਲ ਸ਼ਹੀਦਾਂ, ਫੋਨ-8847084279
3. **ਸ. ਕਮਲਜੀਤ ਸਿੰਘ** ਪੁੱਤਰ ਸ.ਸ਼ੰਗਾਰਾ ਸਿੰਘ, ਪਿੰਡ ਤੇ ਜੋਨ-ਜਾਜਾ, ਫੋਨ-9988200285

**ਜ਼ਿਲ੍ਹਾ-ਪਟਿਆਲਾ**
**ਸ਼੍ਰੀ ਬੰਟੀ ਬਿੰਜਲ** ਪੁੱਤਰ ਸ਼੍ਰੀ ਕਸ਼ਮੀਰੀ ਲਾਲ,ਪਿੰਡ-ਬਿੰਜਲ, ਜੋਨ-ਸਨੌਰ, ਫੋਨ-8968020891

* * * * *

....ਸਫਾ 12 ਦੀ ਬਾਕੀ
ਤੇ ਪ੍ਰਬੰਧਕੀ ਮੈਂਬਰ, ਸੈਣੀ ਮਹਾਂਸਭਾ ਦੇ ਪ੍ਰਧਾਨ ਸ. ਮਨਜੀਤ ਸਿੰਘ ਤੰਬੜ ਤੇ ਸ. ਅਜਮੇਰ ਸਿੰਘ ਕੋਟਲਾ ਨਿਹੰਗ, ਸੀਨੀਅਰ ਸਿਟੀਜ਼ਨ ਕੌਂਸਲ ਦੇ ਸਾਬਕਾ ਤੇ ਵਰਤਮਾਨ ਪ੍ਰਧਾਨ, ਹਾਜ਼ਰ ਸਨ। ਸ. ਪਰਮਜੀਤ ਸਿੰਘ ਮੱਕੜ ਸਾ.ਪ੍ਰਧਾਨ ਨਗਰ ਕੌਂਸਲ ਰੂਪਨਗਰ, ਸ. ਹਰਗੁਰਦੇਵ ਸਿੰਘ ਕੋਹਲੀ, ਸ.ਚਰਨ ਸਿੰਘ ਭਾਟੀਆ, ਸ.ਮਨਿੰਦਰ ਪਾਲ ਸਿੰਘ ਸਾਹਨੀ, ਸ.ਰਾਮ ਸਿੰਘ ਸੈਣੀ, ਅਤੇ ਪਨਸਪ ਦੇ ਸ. ਓਂਕਾਰ ਸਿੰਘ ਨੇ ਵੀ ਇਸ ਨਿਵੇਕਲੇ ਕਾਰਜ ਲਈ ਵਧਾਈ ਦਿੱਤੀ। ਸਾਰੇ ਹਾਜ਼ਰੀਨ ਨੇ ਸ. ਰਾਜਿੰਦਰ ਸਿੰਘ ਨਨੂੰਆ ਦੇ ਸਮਾਜਿਕ ਅਤੇ ਧਾਰਮਿਕ ਖੇਤਰ ਵਿੱਚ ਕੀਤੇ ਜਾ ਰਹੇ ਕਾਰਜਾਂ ਦੀ ਸਰਾਹਨਾ ਕਰਦਿਆਂ ਇਸ ਪੁਸਤਕ ਨੂੰ ਸਿੱਖੀ ਵਿਚਾਰਧਾਰਾ ਲਈ ਮਹੱਤਵਪੂਰਨ ਕਰਾਰ ਦਿੱਤਾ ਅਤੇ ਸਭ ਨੂੰ ਇਹ ਪੁਸਤਕ ਪੜ੍ਹਨ ਦੀ ਸਲਾਹ ਦਿੱਤੀ। ਰਾਜਿੰਦਰ ਸਿੰਘ ਨਨੂੰਆਂ ਨੇ ਆਪਣੇ ਧੰਨਵਾਦੀ ਸੰਬੋਧਨ ਵਿੱਚ ਇਸ ਸਾਹਿਤਿਕ ਕਿਰਤ ਨੂੰ ਪ੍ਰਮਾਤਮਾ ਦੀ ਬਖਸ਼ੀ ਹੋਈ ਦਾਤ ਕਿਹਾ ਜਿਸ ਤੋਂ ਬਿਨਾਂ ਉਹ ਕੁੱਝ ਵੀ ਲਿਖਣ ਤੋਂ ਅਸਮਰੱਥ ਸਨ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਸ. ਰਾਜਿੰਦਰ ਸਿੰਘ ਨਨੂੰਆਂ ਨੂੰ ਲੱਖ ਲੱਖ ਵਧਾਈ ਹੋਵੇ। ਪ੍ਰਮਾਤਮਾ ਉਨ੍ਹਾਂ ਨੂੰ ਅਜਿਹੇ ਅਦੁੱਤੀ ਕਾਰਜ ਕਰਨ ਦੀ ਸਮਰੱਥਾ ਅਤੇ ਬੁੱਧੀ ਬਖਸ਼ੇ।--ਮੁੱਖ ਸੰਪਾਦਕ

# ਪਦਾਰਥ ਦਾ ਮੁਢਲਾ ਕਣ-ਪਰਮਾਣੂ


ਹਰਜੀਤ ਸਿੰਘ
ਵਿਗਿਆਨੀ, ਇਸਰੋ (ਤਿਰੂਵਨੰਤਪੁਰਮ)

ਐਟਮ ਜਾਂ ਪਰਮਾਣੂ ਦਾ ਨਾਮ ਤੁਸੀਂ ਸਾਰਿਆਂ ਨੇ ਸੁਣਿਆਂ ਹੋਇਆ ਹੈ। ਇਹ ਬਹੁਤ ਹੀ ਭੇਦਭਰਿਆ ਕਣ ਹੈ ਜਿਸ ਦੀ ਬਣਤਰ ਬਹੁਤ ਗੁੰਝਲਦਾਰ ਹੈ ਜਿਸ ਨੂੰ ਸਮਝਣ ਲਈ ਵਿਗਿਆਨੀਆਂ ਨੇ ਸਦੀਆਂ ਤੱਕ ਲਗਾਤਾਰ ਮੁਸ਼ੱਕਤ ਕੀਤੀ। ਆਓ ਇਸ ਅਦਭੁੱਤ ਕਣ ਦੀ ਰੌਚਕ ਕਹਾਣੀ ਜਾਣੀਏ। ਪਰਮਾਣੂ ਦਾ ਅੰਗ੍ਰੇਜ਼ੀ ਸ਼ਬਦ "ਐਟਮ" ਯੂਨਾਨੀ ਭਾਸ਼ਾ ਤੋਂ ਆਇਆ ਹੈ ਜਿਸ ਦਾ ਅਰਥ ਹੈ,' ਨਾਵੰਡਣਯੋਗ' ਭਾਵ ਜਿਸ ਦੇ ਅੱਗੇ ਹਿੱਸੇ ਨਾ ਕੀਤੇ ਜਾ ਸਕਣ। ਭਾਰਤੀ ਦਰਸ਼ਨ ਦੀ ਵੈਸੇਸਿਕਾ ਧਾਰਾ, ਜਿਸ ਦਾ ਬਾਨੀ ਰਿਸ਼ੀ ਕਣਾਦ ਨੂੰ ਮੰਨਿਆਂ ਜਾਂਦਾ ਹੈ, ਵਿੱਚ ਵੀ ਪਰਮਾਣੂ ਨੂੰ ਸਭ ਤੋਂ ਛੋਟਾ ਕਣ ਮੰਨਿਆਂ ਗਿਆ , ਜਿਸ ਨੂੰ ਹੋਰ ਤੋੜਿਆ ਨਹੀਂ ਜਾ ਸਕਦਾ ਅਤੇ ਸਾਰੇ ਪਦਾਰਥ ਇਨ੍ਹਾਂ ਦੇ ਮੇਲ ਨਾਲ ਹੀ ਬਣਦੇ ਹਨ। ਕਨਾਦ, ਭੌਤਿਕ ਵਿਗਿਆਨ ਨੂੰ ਬੁਨਿਆਦੀ ਗਿਆਨ ਮੰਨਦਾ ਸੀ।

ਯੂਨਾਨੀ ਲੋਕਾਂ ਦਾ ਪਰਮਾਣੂ ਬਾਰੇ ਵਿਚਾਰ ਬਹੁੱਤ ਸਿੱਧ-ਪੱਧਰਾ ਸੀ। ਇਸ ਦਾ ਸਿਹਰਾ ਯੂਨਾਨੀ ਦਾਰਸ਼ਨਿਕ ਡੈਮੋਕ੍ਰਿਟਸ (460–370 ਈ.ਪੂ) ਦੇ ਸਿਰ ਬੰਨ੍ਹਿਆਂ ਜਾਂਦਾ ਹੈ। ਯੁਨਾਨੀ ਲੋਕ ਪਰਮਾਣੂ ਦਾ ਰੂਪ ਉਸ ਦੇ ਤੱਤ ਦੇ ਹਿਸਾਬ ਨਾਲ ਮੰਨਦੇ ਸਨ। ਮਿਸਾਲ ਦੇ ਤੌਰ 'ਤੇ ਉਹ ਲੋਹੇ ਦੇ ਪਰਮਾਣੂਆਂ ਨੂੰ ਹੁੱਕਾਂ ਵਰਗਾ ਸਮਝਦੇ ਸਨ ਜੋ ਆਪਸ ਵਿੱਚ ਫਸ ਕੇ ਲੋਹੇ ਨੂੰ ਠੋਸ ਰੂਪ ਦਿੰਦੇ ਹਨ। ਪਾਣੀ ਦੇ ਪਰਮਾਣੂਆਂ ਨੂੰ ਉਹ ਗੋਲ਼ ਤੇ ਮੁਲਾਇਮ ਮੰਨਦੇ ਸਨ ਜੋ ਆਪਸ ਵਿੱਚ ਤਿਲ੍ਹਕ ਕੇ ਪਾਣੀ ਨੂੰ ਤਰਲ ਰੂਪ ਦਿੰਦੇ ਹਨ।

ਸੰਨ 1803 ਵਿੱਚ ਬ੍ਰਿਟਿਸ਼ ਰਸਾਇਣ ਵਿਗਿਆਨੀ ਜਾਨ੍ਹ ਡਾਲਟਨ ਨੇ ਪਹਿਲੀ ਵਾਰ ਪਰਮਾਣੂ ਦੀ ਵਿਗਿਆਨਕ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਲੱਗਭੱਗ ਉਹੀ ਕਿਹਾ ਜੋ ਯੂਨਾਨੀ ਕਹਿ ਚੁੱਕੇ ਸਨ ਕਿ ਪਰਮਾਣੂ ਅਤਿ ਛੋਟੇ ਅਤੇ ਸਖ਼ਤ ਗੋਲ਼ੇ ਹੁੰਦੇ ਹਨ ਜੋ ਇਨ੍ਹਾਂ ਤੋਂ ਛੋਟੇ ਭਾਗਾਂ ਵਿੱਚ ਵੰਡੇ ਨਹੀਂ ਜਾ ਸਕਦੇ। ਉਸ ਨੇ ਕਿਹਾ ਕਿ ਇੱਕ ਤੱਤ ਦੇ ਸਾਰੇ ਪਰਮਾਣੂ ਇੱਕੋ ਕਿਹੇ ਹੁੰਦੇ ਹਨ। ਉਸ ਨੇ ਪਰਮਾਣੂਆਂ ਦੁਆਰਾ ਮਿਲ ਕੇ ਅਲੱਗ ਅਲੱਗ ਮਿਸ਼ਰਣ ਬਣਾਉਣ ਦੇ ਸਿਧਾਂਤ ਦਿੱਤੇ ਅਤੇ ਉਸ ਸਮੇਂ ਜਿਨ੍ਹਾਂ ਤੱਤਾਂ ਦੀ ਜਾਣਕਾਰੀ ਸੀ, ਉਨ੍ਹਾਂ ਦੇ ਰਸਾਇਣਕ ਚਿਨ੍ਹ ਵੀ ਬਣਾਏ ਕੇ ਦੱਸੇ। ਡਾਲਟਨ ਦਾ ਇਹ ਕੰਮ ਅੱਗੇ ਜਾ ਕੇ ਰਸਾਇਣਕ ਕਿਰਿਆਵਾਂ ਨੂੰ ਸਮਝਣ ਲਈ ਬੁਨਿਆਦ ਬਣਿਆਂ।

ਫਿਰ ਅਗਲੇ 100 ਸਾਲ ਇਸ ਖੇਤਰ ਵਿੱਚ ਕੋਈ ਵਰਣਨਯੋਗ ਕੰਮ ਨਹੀਂ ਹੋਇਆ। 20ਵੀ ਸਦੀ ਦੀ ਸ਼ੁਰੂਆਤ ਵਿੱਚ ਇੱਕ ਹੋਰ ਬ੍ਰਿਟਿਸ਼ ਭੌਤਿਕ ਵਿਗਿਆਨੀ ਜੇ,ਜੇ,ਥਾਮਸਨ ਨੇ ਕੈਥੋਡ ਰੇਅ ਟਿਊਬ ਨਾਲ ਪ੍ਰਯੋਗ ਕਰਦਿਆਂ ਦੇਖਿਆ ਕਿ ਟਿਊਬ ਵਿਚਲੀਆਂ ਕਿਰਨਾਂ ਧਨਾਤਮਕ ਚਾਰਜ ਵੱਲ ਖਿੱਚੀਆਂ ਜਾ ਰਹੀਆਂ ਹਨ ਅਤੇ ਰਿਣਾਤਮਕ ਚਾਰਜ ਤੋਂ ਪਰੇ ਧੱਕੀਆਂ ਜਾ ਰਹੀਆਂ ਹਨ। ਇਸ ਦਾ ਮਤਲਬ ਇਹ ਸੀ ਕਿ ਇਹ ਕਿਰਨਾ 'ਤੇ ਰਿਣਾਤਮਕ ਚਾਰਜ ਹੈ। ਇੱਥੋਂ ਉਹ ਇਸ ਸਿੱਟੇ 'ਤੇ ਪਹੁੰਚਿਆ ਕਿ ਪਰਮਾਣੂ ਵੰਡਣਯੋਗ ਹੈ। ਇਹ ਸਭ ਤੋਂ ਛੋਟਾ ਕਣ ਨਹੀਂ ਹੈ। ਉਸ ਨੇ ਇਹ ਵੀ ਦੇਖਿਆ ਕਿ ਇਹ ਕਿਰਨਾਂ ਚਾਹੇ ਕਿਸੇ ਵੀ ਧਾਤ ਦੇ ਬਣੇ ਕੈਥੋਡ ਤੋਂ ਨਿਕਲਣ ਉਹ ਬਿਲਕੁਲ ਇੱਕੋ ਜਿਹੀਆਂ ਹੁੰਦੀਆਂ ਹਨ। ਉਸ ਨੇ ਇਸ ਨਵੇਂ ਕਣ ਨੂੰ ਕਾਰਪਸਲ ਦਾ ਨਾਮ ਦਿੱਤਾ ਜੋ ਬਾਅਦ ਵਿੱਚ ਇਲੈਕਟ੍ਰੌਨ ਵਜੋਂ ਜਾਣਿਆਂ ਗਿਆ। ਇਸ ਖੋਜ ਕਾਰਨ ਥਾਮਸਨ ਨੂੰ 1906 ਵਿੱਚ ਨੋਬਲ ਇਨਾਮ ਵੀ ਮਿਲਿਆ। ਥਾਮਸਨ ਨੇ ਪਰਮਾਣੂ ਦੀ ਬਣਤਰ ਦਾ ਨਵਾਂ ਸਿਧਾਂਤ ਦਿੱਤਾ ਜਿਸ ਨੂੰ ਅਸੀਂ ਪਲੱਮ ਪੁਡਿੰਗ ਮਾਡਲ ਦੇ ਨਾਮ ਨਾਲ ਜਾਣਦੇ ਹਾਂ। ਉਸ ਨੇ ਕਿਹਾ ਕਿ ਪਰਮਾਣੂ ਵਿੱਚ ਧਨਾਤਮਕ ਚਾਰਜ ਸਮੁੰਦਰ ਵਿੱਚ ਪਾਣੀ ਵਾਂਗ ਇਕਸਾਰ ਹਰ ਪਾਸੇ ਫੈਲਿਆ ਹੁੰਦਾ ਹੈ ਅਤੇ ਇਲੈਕ੍ਰਾਨ ਇਸ ਵਿੱਚ ਟਿਕੇ ਹੁੰਦੇ ਹਨ। ਤੁਸੀਂ ਇਸ ਨੂੰ ਤਰਬੂਜ ਦੀ ਮਿਸਾਲ ਨਾਲ ਸਮਝ ਸਕਦੇ ਹੋ ਜਿਸ ਵਿੱਚ ਲਾਲ ਗੁੱਦਾ ਧਨਾਤਮਕ ਚਾਰਜ ਹੋਵੇ ਅਤੇ ਬੀਜ ਇਲੈਕਟ੍ਰਾਨ ਹੋਣ। ਪਰ ਥਾਮਸਨ ਦੇ ਮਾਡਲ ਅਨੁਸਾਰ ਇਲੈਕਟ੍ਰਾਨ ਧਨਾਤਮਕ ਚਾਰਜ ਵਿੱਚ ਇੱਕ ਥਾਂ ਟਿਕੇ ਨਹੀਂ ਰਹਿੰਦੇ ਸਗੋਂ ਚੱਕਰ ਲਾਉਂਦੇ ਰਹਿੰਦੇ ਹਨ।




ਥਾਮਸਨ ਦੇ ਇਸ ਮਾਡਲ ਨੂੰ ਕੁੱਝ ਸਾਲਾਂ ਬਾਅਦ ਉਸ ਦੇ ਹੀ ਕੈਂਬ੍ਰਿਜ ਯੂਨੀਵਰਸਿਟੀ ਵਿੱਚ ਪੜ੍ਹਦੇ ਸ਼ਾਗਿਰਦ, ਅਰਨੈਸਟ ਰਦਰਫੋਰਡ ਨੇ ਗਲਤ ਸਿੱਧ ਕਰ ਦਿੱਤਾ। ਉਸ ਨੇ ਸੋਚਿਆਂ ਤਾਂ ਸੀ, ਆਪਣੇ ਗੁਰੂ ਦੇ ਮਾਡਲ ਨੂੰ ਪ੍ਰਯੋਗ ਰਾਹੀਂ ਸਿੱਧ ਕਰਨਾ ਪਰ ਹੋਇਆ ਇਸ ਦੇ ਵਿਰੁੱਧ। ਉਸ ਨੇ ਸੋਨੇ ਦਾ ਇੱਕ ਬਹੁਤ ਹੀ ਪਤਲਾ ਵਰਕ ਲਿਆ ਅਤੇ ਉਸ 'ਤੇ ਧਨਾਤਮਕ ਅਲਫਾ ਕਣਾਂ ਦੀ ਬੌਛਾਰ ਕੀਤੀ। ਧਨਾਤਮਕ ਚਾਰਜ ਵਾਲੇ ਅਲਫਾ ਕਣ ਇੰਨੇ ਛੋਟੇ ਹੁੰਦੇ ਹਨ ਕਿ ਥਾਮਸਨ ਦੇ ਮਾਡਲ ਅਨੁਸਾਰ ਉਨ੍ਹਾਂ ਨੂੰ ਬਿਨਾਂ ਕੋਈ ਰਾਸਤਾ ਬਦਲੇ ਲੰਘ ਜਾਣਾ ਚਾਹੀਦਾ ਸੀ। ਬਹੁਤੇ ਕਣ ਲੰਘ ਵੀ ਗਏ ਪਰ ਕੁੱਝ ਕਣਾਂ ਨੇ ਆਪਣਾ ਰਸਤਾ ਬਦਲ ਲਿਆ ਅਤੇ ਕੁੱਝ ਤਾਂ ਅੱਗੇ ਲੰਘਣ ਦੀ ਬਿਜਾਏ ਪਿੱਛੇ ਮੁੜ ਆਏ। ਰੁਦਰਫੋਰਡ ਇਹ ਦੇਖ ਕੇ ਹੈਰਾਨ ਰਹਿ ਗਿਆ। ਉਸ ਦੇ ਆਪਣੇ ਸ਼ਬਦਾਂ ਵਿੱਚ, 'ਇਹ ਬਿਲਕੁਲ ਇਸ ਤਰ੍ਹਾਂ ਸੀ ਕਿ ਤੁਸੀਂ ਇੱਕ ਟਿਸ਼ੂ ਪੇਪਰ 'ਤੇ 15 ਇੰਚ ਦਾ ਤੋਪ ਦਾ ਗੋਲ਼ਾ ਦਾਗੋਂ ਅਤੇ ਉਹ

ਵਾਪਸ ਆ ਕੇ ਤੁਹਾਡੇ ਹੀ ਆ ਵੱਜੇ'। ਉਸ ਨੇ ਇਸ ਦਾ ਮਤਲਬ ਕੱਢਿਆ ਕਿ ਅਸਲ ਵਿੱਚ ਪਰਮਾਣੂ ਵਿੱਚ ਸਾਰਾ ਧਨ ਚਾਰਜ ਇਕਸਾਰ ਨਹੀਂ ਫੈਲਿਆ ਹੋਇਆ ਸਗੋਂ ਇਹ ਇਸ ਦੇ ਕੇਂਦਰ ਵਿੱਚ ਇੱਕ ਛੋਟੀ ਜਿਹੀ ਜਗਾਹ 'ਤੇ ਇਕੱਠਾ ਪਿਆ ਹੈ ਜਿੱਥੋਂ ਲੰਘਦੇ ਅਲਫਾ ਕਣ ਵਾਪਸ ਆਏ ਸਨ। ਇਸ ਕੇਂਦਰ ਨੂੰ ਨਾਭੀ ਕਿਹਾ ਗਿਆ। ਪਰਮਾਣੂ ਦਾ ਜ਼ਿਆਦਾਤਰ ਬਾਕੀ ਭਾਗ ਖਾਲੀ ਹੀ ਪਿਆ ਹੈ। ਇਲੈਕਟ੍ਰਾਨ ਇਸ ਨਾਭੀ ਦੁਆਲੇ ਆਪੋ ਆਪਣੇ ਪੰਧਾਂ ਵਿੱਚ ਨਰੰਤਰ ਚੱਕਰ ਲਾਉਂਦੇ ਰਹਿੰਦੇ ਹਨ।

ਪਰ ਇਹ ਮਾਡਲ ਪ੍ਰਮਾਣੂ ਦੇ ਵਰਤਾਵ ਬਾਰੇ ਪ੍ਰਸ਼ਨਾਂ ਦੇ ਜਵਾਬ ਦੇਣ ਦੀ ਥਾਂ ਹੋਰ ਜ਼ਿਆਦਾ ਸਵਾਲ ਖੜ੍ਹੇ ਕਰਦਾ ਸੀ। ਜੇਕਰ ਇਲੈਕਟ੍ਰਾਨ ਪ੍ਰਮਾਣੂ ਦੀ ਨਾਭੀ ਦੁਆਲੇ ਘੁੰਮਦੇ ਨੇ ਤਾਂ ਉਨ੍ਹਾਂ ਨੂੰ ਅੰਦਰ ਵੱਲ ਜਾਣ ਤੋਂ ਕੌਣ ਰੋਕ ਰਿਹਾ ਹੈ? ਇੱਕ ਰਿਣਾਤਮਿਕ ਇਲੈਕਟ੍ਰਾਨ ਨੂੰ ਕੁੰਡਲੀਦਾਰ ਤਰੀਕੇ ਨਾਲ ਘੁੰਮਦੇ ਹੋਏ ਧਨਾਤਮਕ ਨਾਭੀ ਦੇ ਅੰਦਰ ਸਮਾ ਜਾਣਾ ਚਾਹੀਦਾ ਹੈ। ਇੱਥੇ ਆਉਂਦਾ ਹੈ ਡੈਨਿਸ਼ ਭੌਤਿਕ ਵਿਗਿਆਨੀ ਨੀਲਸ ਬੋਹਰ। ਉਸ ਨੇ ਰਵਾਇਤੀ ਭੌਤਿਕ ਵਿਗਿਆਨ ਦੀ ਥਾਂ ਕੁਆਂਟਮ ਮਕੈਨਿਕਸ ਦਾ ਸਹਾਰਾ ਲਿਆ। ਉਸ ਨੇ ਨਾਭੀ ਦੁਆਲੇ ਅਲੱਗ ਅਲੱਗ ਊਰਜਾ ਪੱਧਰ ਨਿਸ਼ਚਿਤ ਕੀਤੇ ਅਤੇ ਕਿਹਾ ਕਿ ਇਲੈਕਟ੍ਰਾਨ ਆਪੋ-ਆਪਣੀ ਊਰਜਾ ਦੇ ਅਨੁਸਾਰ ਇਨ੍ਹਾਂ ਪੱਧਰਾਂ ਵਿੱਚੋਂ ਕਿਸੇ ਇੱਕ ਵਿੱਚ ਰਹਿ ਕੇ ਹੀ ਘੁੰਮ ਸਕਦੇ ਹਨ। ਇਹ ਊਰਜਾ ਦੇ ਪੱਧਰ ਨਿਸ਼ਚਿਤ ਹੁੰਦੇ ਹਨ ਅਤੇ ਕੋਈ ਇਲੈਕਟ੍ਰਾਨ ਇਨ੍ਹਾਂ ਦੇ ਵਿਚਕਾਰ ਨਹੀਂ ਘੁੰਮ ਸਕਦਾ। ਹਾਂ, ਉਹ ਊਰਜਾ ਪ੍ਰਾਪਤ ਕਰ ਕੇ ਜਾਂ ਗੁਆ ਕੇ ਇੱਕ ਪੱਧਰ ਤੋਂ ਦੂਜੇ ਪੱਧਰ ਵਿੱਚ ਜ਼ਰੂਰ ਜਾ ਸਕਦੇ ਹਨ। ਇਹ ਮਾਡਲ ਬਹੁਤ ਸਫ਼ਲ ਰਿਹਾ ਅਤੇ ਅੱਜ ਤੱਕ ਚੱਲ ਰਿਹਾ ਹੈ। ਇਹ ਮਾਡਲ ਹਾਈਡ੍ਰੋਜਨ ਗੈਸ ਦੀਆਂ ਸਪੈਕਟ੍ਰਲ ਰੇਖਾਵਾਂ ਦੀ ਸਫ਼ਲਤਾਪੂਰਬਕ ਵਿਆਖਿਆ ਕਰਦਾ ਹੈ।

ਪਰ ਜਿਵੇਂ ਕਿ ਨੀਲਜ਼ ਬੋਹਰ ਨੇ ਖੁਦ ਕਿਹਾ,' ਜੇ ਕੁਆਂਟਮ ਮਕੈਨਿਕਸ ਨੇ ਤੁਹਾਨੂੰ ਜੜ੍ਹ ਤੋਂ ਹਿਲਾ ਕੇ ਨਹੀਂ ਰੱਖ ਦਿੱਤਾ ਤਾਂ ਤੁਸੀਂ ਇਸ ਨੂੰ ਸਮਝੇ ਹੀ ਨਹੀਂ'। ਇਸ ਤੋਂ ਅੱਗੇ ਗੱਲ ਥੋੜ੍ਹੀ ਜਿਹੀ ਅਜੀਬ ਹੋ ਜਾਂਦੀ ਹੈ। ਪਹਿਲੀ ਦਿੱਕਤ ਇਹ ਹੈ ਕਿ ਬੋਹਰ ਦਾ ਮਾਡਲ ਹਾਈਡ੍ਰੋਜਨ ਤੋਂ ਭਾਰੇ ਪ੍ਰਮਾਣੂਆਂ ਨੂੰ ਬਿਆਨ ਨਹੀਂ ਕਰ ਸਕਿਆ। ਦੂਜਾ ਵਿਗਿਆਨੀ ਹਾਈਜ਼ਨਬਰ ਦਾ ਅਨਿਸ਼ਚਤਤਾ ਦਾ ਸਿਧਾਂਤ ਸਾਨੂੰ ਇਹ ਦੱਸਦਾ ਹੈ ਕਿ ਇੱਕ ਚੀਜ਼ ਦੀ ਸਥਿਤੀ ਅਤੇ ਸੰਵੇਗ ਇੱਕੋ ਸਮੇਂ ਸਟੀਕਤਾ ਨਾਲ ਨਹੀਂ ਜਾਣੇ ਜਾ ਸਕਦੇ। ਪਰ ਬੋਹਰ ਦੇ ਮਾਡਲ ਵਿੱਚ ਹਰ ਊਰਜਾ ਪੱਧਰ ਦਾ ਸੰਵੇਗ ਅਤੇ ਨਾਭੀ ਤੋਂ ਦੂਰੀ ਨਿਸ਼ਚਿਤ ਸੀ। ਇਹ ਗੱਲ ਹਾਈਜ਼ਨਬਰ ਦੇ ਸਿਧਾਂਤ 'ਤੇ ਖਰੀ ਨਹੀਂ ਸੀ ਉੱਤਰਦੀ।

ਇਸ ਸਮੇਂ ਤੱਕ ਭੌਤਿਕ ਵਿਗਿਆਨੀ ਬ੍ਰੌਗਲੀ ਇੱਹ ਸਿੱਧ ਕਰ ਚੁੱਕਾ ਸੀ ਕਿ ਇਲੈਕਟ੍ਰਾਨ ਵਰਗੀ ਅਤਿ ਛੋਟੀ ਚੀਜ਼ ਇੱਕ ਕਣ(ਮਾਦਾ) ਅਤੇ ਇੱਕ ਤਰੰਗ (ਊਰਜਾ) ਦੋਵਾਂ ਦੇ ਵਾਂਗ ਵਿਹਾਰ ਕਰ ਸਕਦੀ ਹੈ। ਅਸਟਰੀਆ ਦੇ ਪ੍ਰਸਿੱਧ ਭੌਤਿਕ ਵਿਗਿਆਨੀ ਇਰਵਿਨ ਸ਼ਰੋਡਿੰਗਰ (ਡੱਬੇ ਵਿੱਚ ਬਿੱਲੀ ਬੰਦ ਕਰਨ ਵਾਲਾ ਵਿਗਿਆਨੀ) ਨੇ ਸੁਝਾਇਆ ਕਿ ਇੱਕ ਪ੍ਰਮਾਣੂ ਅੰਦਰ ਇਲੈਕਟ੍ਰਾਨ ਨਿਸ਼ਚਿਤ ਪੰਧ ਵਿੱਚ ਨਾ ਚੱਲ ਕੇ ਤਰੰਗ ਵਾਂਗ ਵਿਹਾਰ ਕਰਦੇ ਹਨ। ਉਸ ਨੇ ਕਈ ਗਣਿਤਕ ਸਮੀਕਰਨਾਂ ਹੱਲ ਕਰ ਕੇ ਇੱਕ ਇਲੈਕਟ੍ਰਾਨ ਦੇ ਨਾਭੀ ਦੁਆਲੇ ਹੋਣ ਦੀ ' ਸੰਭਾਵਨਾ ਵੰਡ' ਦਾ ਮਾਡਲ ਬਣਾਇਆ। ਉਸ ਦੇ ਮਾਡਲ ਨੇ ਨਾਭੀ ਦੁਆਲੇ 'ਇਲੈਟ੍ਰਾਨ ਘਣਤਾ ਦੇ ਬੱਦਲ' ਦੱਸਿਆ। ਇਹ ਬੱਦਲ ਸੰਭਾਵਨਾ ਦੇ ਬੱਦਲ ਸਨ। ਉਸ ਅਨੁਸਾਰ ਚਾਹੇ ਸਾਨੂੰ ਨਹੀਂ ਪਤਾ ਕਿ ਇਲੈਕਟ੍ਰਾਨ ਨਿਸ਼ਚਿਤ ਤੌਰ 'ਤੇ ਕਿੱਥੇ ਹੈ, ਪਰ ਸਾਨੂੰ ਇਹ ਪਤਾ ਹੈ ਕਿ ਇਨ੍ਹਾਂ ਦੇ ਹੋਣ ਦੀ ਸੰਭਾਵਨਾ ਕਿੱਥੇ ਹੈ ਅਤੇ ਕਿੰਨੀ ਹੈ।

ਗੱਲ ਇੱਥੇ ਹੀ ਖਤਮ ਨਹੀਂ ਹੁੰਦੀ। ਸੰਨ 1932 ਵਿੱਚ ਜੇਮਸ ਚਾਡਵਿਕ ਨੇ ਪ੍ਰਮਾਣੂ ਦੀ ਨਾਭੀ ਵਿੱਚ ਰਹਿੰਦੇ ਇੱਕ ਹੋਰ ਕਣ, ਨਿਊਟ੍ਰਾਨ ਦੀ ਖੋਜ ਕੀਤੀ ਜਿਸ ਦਾ ਪੁੰਜ ਲਗਭੱਗ ਪ੍ਰੋਟਾਨ ਦੇ ਬਰਾਬਰ ਹੁੰਦਾ ਹੈ ਅਤੇ ਇਸ 'ਤੇ ਕੋਈ ਚਾਰਜ ਨਹੀਂ ਹੁੰਦਾ। ਪ੍ਰੋਟਾਨ, ਨਿਊਟ੍ਰਾਨ ਅਤੇ ਇਲੈਕਟ੍ਰਾਨ ਨੂੰ ਮਿਲਾ ਕੇ ਇਹ ਮਾਡਲ ਸਾਡੇ ਕੋਲ ਹੁਣ ਤੱਕ ਦਾ ਸਭ ਤੋਂ ਸਟੀਕ ਮਾਡਲ ਹੈ। ਹਾਲਾਂਕਿ ਬਾਅਦ ਵਿੱਚ ਪ੍ਰਮਾਣੂ ਵਿੱਚ ਹੋਰ ਕਈ ਕਣਾਂ ਦਾ ਵੀ ਪਤਾ ਲੱਗਾ ਹੈ ਅਤੇ ਇਹ ਕਣ ਕੁਆਰਕਾਂ ਵਿੱਚ ਵੀ ਵੰਡੇ ਪਾਏ ਗਏ ਹਨ। (ਫੋਨ-9995765095)

❊ ❊ ❊ ❊ ❊

## ਵਧਾਈ



ਸੈਣੀ ਬਰਾਦਰੀ ਦੇ ਚਮਕਦੇ ਸਿਤਾਰੇ ਸ.ਅਜੈਪਾਲ ਸਿੰਘ ਬੰਗਾ ਨੂੰ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਗਾਜ਼ਾ ਦੇ ਪੁਨਰ ਨਿਰਮਾਣ ਲਈ ਗਠਿਤ 'ਬੋਰਡ ਆਫ਼ ਪੀਸ' ਵਿੱਚ ਸ਼ਾਮਲ ਕਰ ਕੇ ਕੌਮ ਦਾ ਮਾਣ ਵਧਾਇਆ ਹੈ। ਵਰਣਨਯੋਗ ਹੈ ਕਿ ਸ. ਬੰਗਾ ਦਾ ਪਿਛੋਕੜ ਪੰਜਾਬ ਦੇ ਨਵਾਂਸ਼ਹਿਰ ਜ਼ਿਲ੍ਹੇ ਦੇ ਪਿੰਡ ਸੂਰਾਪੁਰ ਦਾ ਹੈ ਜਿਨ੍ਹਾਂ ਦਾ ਪਰਿਵਾਰ ਪਹਿਲਾਂ ਜਲੰਧਰ ਅਤੇ ਬਾਅਦ ਵਿੱਚ ਅਮਰੀਕਾ ਜਾ ਵਸਿਆ ਸੀ। ਆਪ ਅੰਤਰਰਾਸ਼ਟਰੀ ਪੱਧਰ ਦੇ ਅਰਥ ਸ਼ਾਸਤ੍ਰੀ ਅਤੇ ਪ੍ਰਬੰਧਕ ਹਨ। ਇਹ ਬੋਰਡ ਇਜ਼ਰਾਈਲ ਅਤੇ ਫਲਸਤੀਨ ਵਿਚਕਾਰ ਟਕਰਾਅ ਖ਼ਤਮ ਕਰਨ ਲਈ ਬਣਾਇਆ ਗਿਆ ਹੈ। ਇਸ ਵਿੱਚ ਉਹ ਆਗੂ ਸ਼ਾਮਲ ਹਨ ਜਿਨ੍ਹਾਂ ਕੋਲ ਕੂਟਨੀਤੀ, ਵਿਕਾਸ, ਬੁਨਿਆਦੀ ਢਾਂਚੇ ਅਤੇ ਆਰਥਿਕ ਰਣਨੀਤੀ ਵਿੱਚ ਵਿਆਪਕ ਤਜ਼ਰਬਾ ਹੈ। ਇਸ ਵਿੱਚ ਅਮਰੀਕੀ ਵਿਦੇਸ਼ ਮੰਤਰੀ, ਬਰਤਾਨੀਆਂ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ, ਅਪੋਲੋ ਗਲੋਬਲ ਮੈਨੇਜਮੈਂਟ ਦੇ ਸੀ.ਈ.ਓ ਮਾਰਕ ਰੋਵਨ ਅਤੇ ਅਮਰੀਕਾ ਦੇ ਉੱਪ ਕੌਮੀ ਸੁਰੱਖਿਆ ਸਲਾਹਕਾਰ ਰੌਬਰਟ ਗੈਬਰੀਅਲ ਤੋਂ ਇਲਾਵਾ ਹੋਰ ਕੁੱਝ ਦੇਸ਼ਾਂ ਦੇ ਨੁਮਾਂਇੰਦੇ ਸ਼ਾਮਲ ਕੀਤੇ ਗਏ ਹਨ।

# The Path to a Meaningful and Blissful Life

Er. Didar Singh
Rupnagar



A life of experience finds its highest purpose in service to society. "The true purpose of life is not merely to live long, but to live meaningfully by serving others."

Retirement is not merely the conclusion of a career; it is the beginning of a deeper responsibility toward society. It is the stage where experience matures into wisdom and wisdom seeks expression through service. When retirees remain socially engaged, they transform their years of learning into a guiding light for others.

Retirement is often viewed as a period of rest and withdrawal from the responsibilities of active life. Many people consider it the closing chapter of productivity and public engagement. Yet in its truest sense, retirement is not an ending but a transition—a phase where life's accumulated wisdom can find its highest and most meaningful purpose.

After decades of professional commitment and family responsibilities, retirees carry with them a treasure of experiences. These experiences represent far more than personal memories; they are a reservoir of practical knowledge, patience, and balanced judgment. When such wisdom is shared through community service, mentoring, voluntary initiatives, and social participation, it becomes a powerful force for positive change.

Active social engagement in retirement also brings profound personal benefits. Meaningful involvement in community life helps individuals remain mentally alert, emotionally balanced, and socially connected. A sense of purpose is essential for healthy ageing, and social service naturally provides that purpose. It replaces isolation with interaction and transforms spare time into constructive contribution.

Equally important is the role that socially active senior citizens play in strengthening the moral and social fabric of communities. Their maturity, calm perspective, and life-tested understanding often provide guidance during times of uncertainty. Whether through educational initiatives, welfare activities, awareness campaigns, or simply offering thoughtful counsel to younger generations, retirees can become pillars of stability and wisdom in society.

Another rewarding dimension of social engagement is the deep satisfaction that comes from giving back. Throughout life, individuals receive opportunities, knowledge, and support from the society around them. Retirement offers the most appropriate moment to express gratitude by contributing to the welfare of others. Even small acts—sharing experience, volunteering time, or supporting community initiatives—can create lasting positive impact.

"The richest legacy a person can leave behind is not wealth, but the impact of service on the lives of others."

Retirement, therefore, should not be seen as a retreat from life but as an elevation of life's purpose. Freed from professional pressures, individuals gain the rare privilege of serving society guided purely by compassion, wisdom, and goodwill.

If embraced with the right spirit, the later years of life can become the most meaningful phase of human existence. By stepping forward to serve the community, retirees transform experience into inspiration and time into contribution. In doing so, they demonstrate that a life connected with service remains vibrant, dignified, and truly blissful until the very end.

## ਕਹਾਣੀ - ਮੇਰੇ ਮਹਿਰਮਾ

ਸੁਰਿੰਦਰ ਕੌਰ ਸੈਣੀ
ਰੂਪਨਗਰ



ਗ਼ਮ ਅਤੇ ਦਰਦ ਨੂੰ ਦਿਲ ਵਿੱਚ ਸਮੋ ਕੇ ਗੁਰਜੋਤ ਆਪਣੀ ਜ਼ਿੰਦਗੀ ਨੂੰ ਮਸਰੂਫ਼ ਰੱਖਣ ਦੀ ਕੋਸ਼ਿਸ਼ ਕਰਦੀ ਸੀ। ਉਹ ਆਪਣੇ ਕੰਵਲ ਦੀ ਫੋਟੋ ਅੱਗੇ ਰੱਖ ਕੇ ਉਸ ਨਾਲ ਗੱਲਾਂ ਕਰਦੀ ਰਹਿੰਦੀ, "ਤੁਸੀਂ ਤਾਂ ਕੰਵਲ ਜੀ, ਬੜੀ ਛੇਤੀ ਪੱਲਾ ਛੁੜਾ ਕੇ ਚਲੇ ਗਏ। ਨਾ ਦੁੱਖ, ਨਾ ਸੁੱਖ ਦੀ ਕੋਈ ਖ਼ਬਰ ਰੱਖਦੇ ਹੋ। ਅੱਜ ਤੁਹਾਡੀ ਗੁਰਜੋਤ ਨੇ ਕਿੰਨੇ ਮਹਾਨ ਕੰਮ ਕਰ ਦਿੱਤੇ ਹਨ।.....ਆਹ ਵੇਖੋ, ਮੈਂ ਆਪਣੇ ਕਮਰੇ ਵਿੱਚ ਉਹ ਤਿਰੰਗਾ ਕਿੰਨੇ ਸਨਮਾਨ ਨਾਲ ਰੱਖਿਆ ਹੋਇਆ ਹੈ, ਪਤਾ ਨਹੀਂ ਸੀ ਕਿ ਤੁਸੀਂ ਇਸ ਤਿਰੰਗੇ ਦਾ ਚੋਲ਼ਾ ਪਾ ਕੇ ਮੁੜੋਗੇ। ਮੇਰੇ ਤਾਂ ਚੂੜੇ ਦਾ ਰੰਗ ਵੀ ਅਜੇ ਫਿੱਕਾ ਨਹੀਂ ਪਿਆ ਸੀ। ਮੈਨੂੰ ਰੰਗਲੀ ਦੁਨੀਆਂ ਦਾ ਸੁਪਨਾ ਵਿਖਾ ਕੇ ਤੁਸੀਂ ਮੈਨੂੰ ਕਿੰਨਾਂ ਵੱਡਾ ਧੋਖਾ ਦੇ ਗਏ ਸੀ। ਦਿਲ ਕਰਦਾ ਏ ਮੈਂ ਵੀ ਇਸ ਤਿਰੰਗੇ ਦਾ ਕਫ਼ਨ ਪਾ ਕੇ ਤੁਹਾਡੇ ਕੋਲ ਪਹੁੰਚ ਜਾਵਾਂ"।

ਗੁਰਜੋਤ ਨੂੰ ਉਹ ਦਿਨ ਅੱਜ ਤੱਕ ਨਹੀਂ ਭੁੱਲਿਆ ਸੀ, ਜਦੋਂ ਸਟੇਸ਼ਨ ਮਾਸਟਰ ਵਲੋਂ ਪਿੰਡ ਦੇ ਸਰਪੰਚ ਨੂੰ ਕੋਈ ਟੈਲੀਗ੍ਰਾਮ ਆਈ ਸੀ। ਕਈ ਦਿਨਾਂ ਤੋਂ ਰੇਡੀਓ ਤੋਂ ਖ਼ਬਰਾਂ ਆ ਰਹੀਆਂ ਸਨ, ਕਾਰਗਿਲ ਦੀ ਲੜਾਈ ਬਾਰੇ। ਉਸ ਨੂੰ ਨਹੀਂ ਪਤਾ ਸੀ ਕਿ ਉਸ ਦਾ ਪਤੀ ਕੰਵਲ ਵੀ ਇਸ ਲੜਾਈ ਦੀ ਭੇਂਟ ਚੜ੍ਹ ਜਾਵੇਗਾ। ਉਹ ਤਾਂ ਸ਼ਹਿਰ ਹਸਪਤਾਲ ਵਿੱਚ ਡਿਊਟੀ 'ਤੇ ਸੀ, ਤਾਂ ਪਿੰਡ ਤੋਂ ਉਸ ਦਾ ਭਰਾ ਉਸ ਨੂੰ ਲੈਣ ਆ ਗਿਆ। ਪਹਿਲਾਂ ਭਰਾ ਨੇ ਉਸ ਨੂੰ ਕੁੱਝ ਨਾ ਦੱਸਿਆ, ਉਸ ਨੂੰ ਕਲਾਵੇ ਵਿੱਚ ਲੈ ਕੇ ਪਿਆਰ ਕਰਦਾ ਰਿਹਾ ਤੇ ਕਹਿੰਦਾ, "ਭੈਣ! ਛੇਤੀ ਚੱਲ, ਪਿੰਡ ਵਾਲੇ ਤੇਰੀ ਉਡੀਕ ਕਰ ਰਹੇ ਹਨ"।

ਉਹ ਹੱਕੀ ਬੱਕੀ ਰਹਿ ਗਈ ਸੀ। ਉਸ ਦੇ ਅੰਦਰਲਾ ਡਰ ਬਾਹਰ ਆਉਣ ਲੱਗਾ। ਰੋਜ਼ ਰਾਤ ਨੂੰ ਉਸ ਨੂੰ ਭੈੜੇ-ਭੈੜੇ ਸੁਪਨੇ ਆਉਂਦੇ ਸਨ। ਸੁਪਨਿਆਂ 'ਚ ਗੋਲ਼ੀਆਂ ਚੱਲਦੀਆਂ। ਫ਼ੌਜੀਆਂ ਦੀ ਲਾਸ਼ਾਂ ਟਰੱਕਾਂ 'ਚ ਲੱਦ ਕੇ ਲਿਆਉਂਦੇ। ਉਹ ਆਪਣੇ ਕੰਵਲ ਦੀ ਸੁੱਖ-ਸਾਂਦ ਮੰਗਦੀ। ਰਾਤ ਬੱਦਲ ਗੱਜਦਾ, ਬਿਜਲੀ ਲਿਸ਼ਕਦੀ, ਕਈ ਵਾਰ ਉਹ ਤ੍ਰਭਕ ਕੇ ਉੱਠਦੀ। ਉਹ ਕੰਵਲ ਦੀ ਸਲਾਮਤੀ ਲਈ ਹੱਥ ਜੋੜ ਕੇ ਅਰਦਾਸ ਕਰਦੀ, "ਰੱਬਾ ਖ਼ੈਰ ਕਰੀਂ, ਮੇਰਾ ਸੁਹਾਗ ਜਿਉਂਦਾ ਰੱਖੀਂ। ਮੇਰੇ ਸਾਈਂ ਦੀਆਂ ਲੰਮੀਆਂ ਉਮਰਾਂ ਕਰੀਂ"। ਉਸ ਦੀਆਂ ਅੱਖਾਂ ਦੇ ਗਲੇਡੂ ਭਰ ਆਉਂਦੇ।

ਗੁਰਜੋਤ ਦੇ ਵੀਰੇ ਨੇ ਉਸ ਦੀਆਂ ਅੱਖਾਂ ਪੂੰਝੀਆਂ ਤੇ ਕਿਹਾ- " ਭੈਣੇ, ਜਿਵੇਂ ਹੈਂ ਇਵੇਂ ਹੀ ਹੁਣ ਤੁਰ ਪੈ"। ਉਹ ਗੱਲ ਸਮਝ ਕੇ ਫਿੱਸ ਪਈ। ਥੋੜ੍ਹੀ ਦੇਰ ਵਿੱਚ ਹੀ ਉਹ ਕੰਵਲ ਦੇ ਪਿੰਡ ਪਹੁੰਚ ਗਏ। ਪਿੰਡ ਵਿੱਚ ਤ੍ਰਾਹ ਤ੍ਰਾਹ ਹੋਈ ਪਈ ਸੀ। ਉਹ ਸਿੱਧੀ ਆਪਣੀ ਸੱਸ ਕੋਲ ਗਈ ਤਾਂ ਵੇਖਿਆ ਮਾਂ ਜੀ ਕੋਲ ਆਂਢ-ਗੁਆਂਢ ਦੀਆਂ ਔਰਤਾਂ ਚਿੱਟੀਆਂ ਚੁੰਨੀਆਂ ਲੈ ਕੇ ਰੋ ਪਿੱਟ ਰਹੀਆਂ ਸਨ। ਮਾਂ ਨੂੰ ਕੋਈ ਸੁਰਤ ਨਹੀਂ ਸੀ। ਉਹ ਇਹ ਸਭ ਦੇਖ ਕੇ ਹੋਸ਼ ਗਵਾ ਬੈਠੀ। ਅਜੇ ਮਹੀਨਾ ਪਹਿਲਾਂ ਹੀ ਤਾਂ ਇਸ ਘਰ ਵਿੱਚ ਸ਼ਗਨਾਂ ਦੀ ਸ਼ਹਿਨਾਈ ਗੂੰਜੀ ਸੀ ਤੇ ਅੱਜ ਚੀਕ-ਚਿਹਾੜਾ ਪਿਆ ਹੋਇਆ ਸੀ।

ਸਾਰਾ ਪਿੰਡ ਸੋਗ 'ਚ ਡੁਬਿਆ ਪਿਆ ਸੀ। ਸਰਪੰਚ ਨੇ ਦੱਸਿਆ ਕਿ ਕੰਵਲ ਦੀ ਲਾਸ਼ ਸਰਕਾਰੀ ਸਨਮਾਨਾਂ ਨਾਲ ਸਟੇਸ਼ਨ ਕਮਾਂਡਰ ਲੈ ਕੇ ਆ ਰਿਹਾ ਹੈ। ਥੋੜ੍ਹੇ ਸਮੇਂ ਬਾਅਦ ਹੀ ਪਿੰਡ ਵਿੱਚ ਫ਼ੌਜ ਦੀਆਂ ਗੱਡੀਆਂ ਦੀ ਲਾਈਨ ਲੱਗ ਗਈ। ਗੁਰਜੋਤ ਦੇ ਦਿਲ ਨੇ ਨਿਹੋਰਾ ਮਾਰਿਆ, "ਕੰਵਲ ਜੀ! ਤੁਸੀਂ ਮੇਰੇ ਨਾਲ ਚੰਗਾ ਨਹੀਂ ਕੀਤਾ। ਏਨੀ ਛੇਤੀ ਮੇਰਾ ਸਾਥ ਛੱਡ ਕੇ। ਦੱਸੋ ਹੁਣ ਮੈਂ ਕਿੱਦਾਂ ਤੁਹਾਨੂੰ ਅਲਵਿਦਾ ਕਹਾਂ। ਮੇਰੇ ਅਰਮਾਨ ਤਾਂ ਅਧੂਰੇ ਰਹਿ ਗਏ"।

ਉਸ ਦੇ ਵੇਖਦਿਆਂ-ਵੇਖਦਿਆਂ ਸਾਰਾ ਪਿੰਡ ਤੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਇਕੱਠੇ ਹੋ ਕੇ ਅਫ਼ਸੋਸ ਕਰ ਰਹੇ ਸਨ। ਸਰਪੰਚ ਸਾਹਿਬ ਉਸ ਨੂੰ ਫੜ ਕੇ ਸ਼ਮਸ਼ਾਨ ਘਾਟ ਤੱਕ ਲੈ ਆਏ। ਉਸ ਨੂੰ ਕੋਈ ਸੁਰਤ ਨਹੀਂ ਸੀ। ਉਹ ਨਹੀਂ ਜਾਣਦੀ ਸੀ ਕਿ ਇਸ ਫ਼ੌਜੀ ਗੱਡੀ ਵਿੱਚ ਉਸ ਦੇ ਕੰਵਲ ਦੀ ਮ੍ਰਿਤਕ ਦੇਹ ਆਈ ਹੈ। ਦੇਹ ਵਾਲੇ ਤਾਬੂਤ ਉੱਪਰ ਹਜ਼ਾਰਾਂ ਫੁੱਲਾਂ ਦੇ ਹਾਰ ਪਾਏ ਹੋਏ ਸਨ। ਸਭ ਤੋਂ ਉੱਪਰ ਦੇਸ਼ ਦਾ ਤਿਰੰਗਾ ਝੰਡਾ ਲਪੇਟਿਆ ਹੋਇਆ ਸੀ। ਬੜਾ ਭਾਵੁਕ ਦ੍ਰਿਸ਼ ਸੀ।

ਗੁਰਜੋਤ ਦਾ ਦਿਲ ਕਹਿ ਰਿਹਾ ਸੀ ਕਿ ਉਸ ਨੂੰ ਰੋਂਦੀ ਨੂੰ ਵੇਖ ਕੇ ਉਸ ਦਾ ਕੰਵਲ ਭੱਜ ਕੇ ਉਸ ਕੋਲ ਆ ਜਾਵੇਗਾ, ਉਸ ਨੂੰ ਜੱਫੀ ਪਾ ਲਵੇਗਾ ਤੇ ਕਹੇਗਾ, "ਸ਼ੁਦੈਣੇ! ਮੈਂ ਮਰਿਆ ਨਹੀਂ ਹਾਂ, ਮੈਂ ਜਿਉਂਦਾ ਹਾਂ"।

ਉਸ ਨੂੰ ਸਟੇਸ਼ਨ ਕਮਾਂਡਰ ਲਾਸ਼ ਦਾ ਮੂੰਹ ਵੇਖਣ ਲਈ ਅੱਗੇ ਲੈ ਆਇਆ। ਉਸ ਦੀਆਂ ਭੁੱਬਾਂ ਨਿਕਲ ਗਈਆਂ। ਉਸ ਵਿੱਚ ਇੰਨੀ ਹਿੰਮਤ ਨਹੀਂ ਸੀ ਕਿ ਕੰਵਲ ਦਾ ਮੂੰਹ ਵੇਖ ਸਕਦੀ ਅਤੇ ਆਪਣੇ ਆਪ ਨੂੰ ਕਾਬੂ ਵਿੱਚ ਰੱਖ ਸਕਦੀ। ਕੰਵਲ ਚੁੱਪ ਦੀ ਬੁੱਕਲ ਵਿੱਚ ਆਰਾਮ ਦੀ ਨੀਂਦ ਸੌਂ ਰਿਹਾ ਸੀ ਜਿਵੇਂ ਉਸ ਨੂੰ ਆਪਣੀ ਗੁਰਜੋਤ ਭੁੱਲ ਗਈ ਸੀ। ਉਹ ਦਾ ਮਨ ਕੁਰਲਾ ਰਿਹਾ ਸੀ, "ਮੈਨੂੰ ਮੇਰੇ ਕਿਹੜੇ ਗੁਨਾਹ ਦੀ ਸਜ਼ਾ ਦਿੱਤੀ ਹੈ ਤੁਸੀਂ? ਮੈਂ ਹੋਰ ਸਭ ਕੁੱਝ ਜਰ ਲੈਂਦੀ, ਪਰ ਤੇਰੇ ਵਿਛੋੜੇ ਦਾ ਦੁੱਖ ਨਹੀਂ ਸਹਿ ਹੋਣਾ। ਜ਼ਖ਼ਮ ਵਿਛੋੜੇ ਵਾਲਾ ਸਾਰੀ ਜ਼ਿੰਦਗੀ ਨਹੀਂ ਭਰਿਆ ਜਾਣਾ। ਤੇਰੀ ਯਾਦ ਨੂੰ ਦਿਲ 'ਚੋਂ ਕਿਵੇਂ ਕੱਢਾਂਗੀ। ਮੇਰੇ ਅੱਥਰੂ ਕੌਣ ਪੂੰਝੇਗਾ"? ਉਸ ਦਾ ਦਿਲ ਕਰਦਾ ਸੀ ਕਿ ਉਹ ਕੰਵਲ ਨੂੰ ਫੜ ਕੇ ਉਠਾ ਦੇਵੇ ਤੇ ਕਹੇ, "ਕੰਵਲ ਜੀ! ਚੱਲੋ ਆਪਣੇ ਘਰ, ਤੁਹਾਡੀ ਨਵਵਿਆਹੀ ਵਹੁਟੀ ਤੁਹਾਡਾ ਇੰਤਜ਼ਾਰ ਕਰ ਰਹੀ ਹੈ। ਤੁਹਾਡੀ ਮਾਂ

ਤੁਹਾਡਾ ਰਾਹ ਵੇਖ ਰਹੀ ਹੈ। ਤੁਸੀਂ ਕਿਵੇਂ ਸੁੱਤੇ ਪਏ ਹੋ ਅੱਜ"।

ਗੁਰਜੋਤ ਦੀਆਂ ਚੀਕਾਂ ਨਾਲ ਅਸਮਾਨ ਗੂੰਜ ਰਿਹਾ ਸੀ। ਉਹ ਹਾਲੋਂ-ਬਿਹਾਲ ਸੀ। ਉਸ ਦਾ ਜੀਅ ਕਰਦਾ ਸੀ ਕਿ ਉਹ ਆਪਣੇ ਕੰਵਲ ਦੇ ਨਾਲ ਹੀ ਲੇਟ ਜਾਵੇ ਤੇ ਆਪਣੀ ਜੀਵਨ-ਲ਼ੀਲਾ ਖਤਮ ਕਰ ਦੇਵੇ। ਫ਼ੌਜੀ ਕਮਾਂਡਰ ਨੇ ਉਸ ਨੂੰ ਕਲਾਵੇ ਵਿੱਚ ਲੈ ਲਿਆ ਤੇ ਕਿਹਾ, "ਭੈਣੇ! ਹੁਣ ਇਸ ਦੀ ਆਤਮਾ ਨੂੰ ਤੰਗ ਨਾ ਕਰ। ਸਾਨੂੰ ਹੁਣ ਆਪਣਾ ਫ਼ਰਜ਼ ਨਿਭਾਣ ਦੇ"।

ਥੋੜ੍ਹੀ ਦੇਰ ਬਾਅਦ ਹੀ ਕੰਵਲ ਦੀ ਮ੍ਰਿਤਕ ਦੇਹ ਨੂੰ ਦਰਸ਼ਨਾਂ ਲਈ ਰੱਖ ਦਿੱਤਾ ਗਿਆ। ਸਾਰੇ ਲੋਕਾਂ ਨੇ ਭਿੱਜੀਆਂ ਅੱਖਾਂ ਨਾਲ ਉਸ ਦੇ ਦਰਸ਼ਨ ਕੀਤੇ ਤੇ ਫਿਰ ਕੰਵਲ ਦੇ ਉੱਪਰ ਲਪੇਟੇ ਗਏ ਰਾਸ਼ਟਰੀ ਝੰਡੇ ਨੂੰ 'ਜਨ-ਗਨ-ਮਨ' ਰਾਸ਼ਟਰੀ ਗਾਣ ਤੋਂ ਬਾਅਦ ਉਤਾਰਿਆ ਗਿਆ ਤੇ ਸਨਮਾਨ ਨਾਲ ਗੁਰਜੋਤ ਨੂੰ ਸੰਭਾਲ ਦਿੱਤਾ ਗਿਆ। ਉਦਾਸ ਧੁਨ ਵਿੱਚ ਫ਼ੌਜੀ ਬੈਂਡ ਵੱਜਿਆ ਅਤੇ ਫ਼ੌਜੀਆਂ ਨੇ ਸਲੂਟ ਮਾਰਿਆ ਤੇ ਇੱਕੀ ਫਾਇਰਾਂ ਦੀ ਸਲਾਮੀ ਦਿੱਤੀ। ਗੁਰਜੋਤ ਨੂੰ ਆਪਣੇ ਪਤੀ 'ਤੇ ਮਾਣ ਹੋ ਰਿਹਾ ਸੀ। ਉਸ ਨੇ ਆਪਣੇ ਵਤਨ ਲਈ ਕੁਰਬਾਨੀ ਦਿੱਤੀ ਸੀ ਤੇ ਸ਼ਹੀਦ ਵਜੋਂ ਨਾਮ ਕਮਾਇਆ ਸੀ।

ਫਿਰ ਫ਼ੌਜੀਆਂ ਨੇ ਮ੍ਰਿਤਕ ਦੇਹ ਪਿੰਡਵਾਸੀਆਂ ਦੇ ਹਵਾਲੇ ਕਰ ਦਿੱਤੀ ਅਤੇ ਪੰਜਾਬੀ ਰੀਤੀ-ਰਿਵਾਜਾਂ ਨਾਲ ਮ੍ਰਿਤਕ ਦੇਹ ਨੂੰ ਅਗਨੀ ਹਵਾਲੇ ਕਰ ਦਿੱਤਾ ਗਿਆ। ਗੁਰਜੋਤ ਆਖ਼ਰੀ ਵਾਰ ਆਪਣੇ ਕੰਵਲ ਨੂੰ ਹਮੇਸ਼ਾਂ ਲਈ ਜਾਂਦੇ ਹੋਏ ਨੂੰ ਵੇਖ ਰਹੀ ਸੀ। ਅੱਗ ਦੀਆਂ ਲਾਟਾਂ 'ਚ ਉਸ ਨੂੰ ਆਪਣਾ ਕੰਵਲ ਨਜ਼ਰ ਆ ਰਿਹਾ ਸੀ, ਜਿਵੇਂ ਉਹ ਕਹਿ ਰਿਹਾ ਹੋਵੇ-

'ਛੱਡ ਪਿੰਡ ਦੀਆਂ ਜੂਹਾਂ, ਉਡ ਚੱਲੀਆਂ ਨੇ ਰੂਹਾਂ'

ਇਹ ਆਖਰੀ ਵਾਰ ਦਾ ਮੇਲਾ ਸੀ। ਚੁੱਪ-ਚੁਪੀਤਾ ਉਸ ਦਾ ਕੰਵਲ ਉਸ ਦੀ ਬੁੱਕਲ 'ਚੋਂ ਖਿਸਕ ਗਿਆ। ਉਸ ਦਾ ਮਹਿਰਮ ਦਿਲ ਦੀਆਂ ਦਿਲ ਵਿੱਚ ਹੀ ਲੈ ਗਿਆ। ( ਇਹ ਕਹਾਣੀ ਲੇਖਕ ਦੇ ਨਾਵਲ 'ਮੇਰੇ ਮਹਿਰਮਾ' ਦਾ ਇੱਕ ਕਾਂਡ ਹੈ।)

## ਨਾਵਲ, ਮੇਰੇ ਮਹਿਰਮਾ ਬਾਰੇ

ਡਾ. ਜਸਵੰਤ ਕੌਰ ਸੈਣੀ

ਸ੍ਰੀਮਤੀ ਸੁਰਿੰਦਰ ਕੌਰ ਸੈਣੀ, ਔਰਤ ਲੇਖਕਾਵਾਂ ਵਿੱਚ ਇੱਕ ਪ੍ਰਖਿਆਤ ਲੇਖਿਕਾ ਬਣ ਗਈ ਹੈ। ਉਸ ਨੇ ਚਾਰ ਕਾਵਿ-ਸੰਗ੍ਰਹਿ, ਇੱਕ ਕਹਾਣੀ-ਸੰਗ੍ਰਹਿ ਅਤੇ ਛੇ ਨਾਵਲ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਇਨ੍ਹਾਂ ਦੀਆਂ ਰਚਨਾਵਾਂ ਨਿੱਜ-ਪੀੜਾਂ ਤੋਂ ਸ਼ੁਰੂ ਹੁੰਦੀਆਂ ਹਨ ਅਤੇ ਪਰਪੀੜਾਂ ਤੱਕ ਪਹੁੰਚਦੀਆਂ ਹਨ।। ਅੰਤ ਵਿੱਚ ਇਹ ਸਮਾਜਸੁਧਾਰ ਅਤੇ ਜਨਸੇਵਾ ਵਿੱਚ ਪਹੁੰਚ ਕੇ ਕੋਈ ਨਾ ਕੋਈ ਸੰਦੇਸ਼ਾ ਸਮਾਜ ਲਈ ਛੱਡ ਕੇ, ਬਹੁਤ ਵਧੀਆ ਸਮਾਜਕ ਕੰਮਾਂ ਵਿੱਚ ਰਚਮਿਚ ਕੇ ਜੀਵਨ ਸਫ਼ਲਾ ਕਰਨ ਦੇ ਸੁਨੇਹੇ ਨਾਲ ਮਨੁੱਖ ਨੂੰ ਨਿੱਜ ਦੀ ਥਾਂ ਪਰ ਲਈ ਜੀਣ-ਥੀਣ ਦਾ ਦੱਸ ਕੇ ਖ਼ਤਮ ਹੁੰਦੀਆਂ ਹਨ।

'ਮੇਰੇ ਮਹਿਰਮਾ', ਇੱਕ ਨਾਵਲੀ-ਕ੍ਰਿਤ ਹੈ ਜੋ ਨਿਰੋਲ ਨਿੱਜ-ਪੀੜਾ ਦੀ ਗਾਥਾ ਹੈ। ਨਾਵਲ ਦੀ ਨਾਇਕਾ ਅਤੇ ਨਾਇਕ ਸਕੂਲ ਵਿੱਚ ਪੜ੍ਹਦਿਆਂ ਹੀ ਇੱਕ ਦੂਜੇ ਵੱਲ ਖਿੱਚੇ ਜਾਂਦੇ ਹਨ। ਨਾਇਕ ਕੰਵਲ ਤਾਂ ਘਰ ਦੀਆਂ ਲੋੜਾਂ-ਥੋੜਾਂ ਅਤੇ ਗਰੀਬੀ ਦੂਰ ਕਰਨ ਲਈ ਫ਼ੌਜ ਵਿੱਚ ਭਰਤੀ ਹੋ ਜਾਂਦਾ ਹੈ। ਨਾਇਕਾ ਉਸ ਦੇ ਪਿਆਰ ਵਿੱਚ ਐਨੀ ਜ਼ਿਆਦਾ ਭਿੱਜ ਜਾਂਦੀ ਹੈ ਕਿ ਆਪਣਾ ਸਮਾਜਿਕ ਰੁਤਬਾ ਅਤੇ ਘਰੇਲੂ ਅਸਾਵਾਂਪਨ ਭੁੱਲ ਕੇ ਸਿਰਫ਼ ਪਿਆਰ ਵਿੱਚ ਅੰਨ੍ਹੀ ਹੋ ਜਾਂਦੀ ਹੈ। ਉਹ ਆਪਣੇ ਪ੍ਰੇਮੀ ਨੂੰ ਇੱਕਪਾਸੜ ਚਿੱਠੀਆਂ ਭੇਜਦੀ ਰਹਿੰਦੀ ਹੈ ਜਦ ਕਿ ਕੰਵਲ ਨੂੰ ਪਤਾ ਵੀ ਨਹੀਂ ਕਿ ਕੋਈ ਕੁੜੀ ਉਸ ਨੂੰ ਐਨਾ ਪਿਆਰ ਕਰਦੀ ਹੈ।

ਸੁਰਿੰਦਰ ਕੌਰ ਸੈਣੀ ਨੇ ਇਹ ਨਾਵਲ ਆਪਣੇ ਸਵਰਗਵਾਸੀ ਪਤੀ ਗੁਰਚਰਨਜੀਤ ਸਿੰਘ ਨੂੰ ਸਮਰਪਿਤ ਕੀਤਾ ਹੈ। ਇਹ ਨਾਵਲ ਪਿਆਰ ਦੇ ਨਿੱਜੀ ਤਜਰਬੇ ਅਤੇ ਪਤੀ ਦੇ ਵਿਛੋੜੇ ਵਿੱਚ ਲਬਰੇਜ਼ ਹੋ ਕੇ ਲਿਖਿਆ ਗਿਆ ਹੈ। ਇਸ ਨਾਵਲ ਦੀ ਬਣਤਰ ਅਤੇ ਬੁਣਤਰ ਉਸ ਦੇ ਪਹਿਲੇ ਨਾਵਲਾਂ ਨਾਲੋਂ ਕਿਤੇ ਅੱਗੇ ਲੰਘ ਗਈ ਹੈ। ਉਸ ਦੇ ਪਾਤਰਾਂ ਵਿੱਚੋਂ ਪਹਿਲਾਂ ਨਾਲੋਂ ਵਧੇਰੇ ਕਥਾ-ਜੁਗਤਾਂ ਪ੍ਰਗਟ ਹੋਈਆਂ ਹਨ। ਪਾਤਰਾਂ ਵਿੱਚ ਲੇਖਿਕਾ ਨੇ ਅਜਿਹੀ ਸਮਰਥਾ ਪ੍ਰਗਟਾਈ ਹੈ ਕਿ ਉਹ ਯਾਦਗਾਰੀ ਆਚਰਣ ਹੋ ਨਿੱਬੜੇ ਹਨ। ਉਸ ਦੇ ਸਵੈਕਥਨ, 'ਦਰਦ ਦੀ ਕੋਈ ਨਵੀਂ ਲਗਰ ਫੁੱਟਦੀ ਹੈ ਤਾਂ ਲਹੂ ਨਾਲ ਸਿੰਜ ਕੇ ਨਾਵਲ ਦੇ ਰੂਪ ਵਿੱਚ ਸਾਹਿਤ ਦੀ ਤਸ਼ਤਰੀ ਵਿੱਚ ਪਰੋਸ ਦਿੰਦੀ ਹਾਂ'। ਇਸ ਨਾਵਲ ਰਾਹੀਂ ਲੇਖਿਕਾ ਨੇ ਵਿਛੋੜੇ ਦੇ ਦਰਦ ਨੂੰ ਬਹੁਤ ਪ੍ਰਬਲਤਾ ਨਾਲ ਨਿੱਜੀ ਬਿਰਹੋਂ ਪੀੜਾ ਵਿੱਚ ਲਬੇੜ ਕੇ ਵੇਦਨਾ ਭਿੱਜੀ ਗਹਿਰਾਈ ਨਾਲ ਬਿਆਨਿਆਂ ਹੈ। ਉਸ ਨੇ ਔਰਤ ਦੇ ਅੰਦਰਲੇ ਪਿਆਰ-ਮੁਹੱਬਤ ਅਤੇ ਮਮਤਾ ਨੂੰ ਇਸ ਨਾਵਲ ਵਿੱਚ ਬਹੁਤ ਹੀ ਵਧੀਆ ਤਰੀਕੇ ਨਾਲ ਬਿਆਨਿਆਂ ਹੈ।

ਇਸ ਨਾਵਲ ਵਿੱਚ ਇਸ਼ਕ ਦੀ ਕੁਰਬਾਨੀ ਨੂੰ ਨਾਇਕਾ ਦੀ ਜੀਵਨ-ਗਾਥਾ ਨਾਲ ਉਸਾਰਿਆ ਹੈ। ਫ਼ੌਜੀ ਜੀਵਨ ਦੀਆਂ ਦੁਸ਼ਵਾਰੀਆਂ ਨੂੰ ਗਹਿਰਾਈ ਨਾਲ ਬਿਆਨ ਕੀਤਾ ਹੈ। ਅਸਲ ਵਿੱਚ ਇਹ ਨਾਵਲ ਫ਼ੌਜੀ ਗੁਰਕੰਵਲ ਸਿੰਘ ਅਤੇ ਉਸ ਨੂੰ ਇੱਕਪਾਸੜ ਪਿਆਰ ਕਰਨ ਵਾਲੀ ਗੁਰਜੋਤ ਦਾ ਅਤਿ-ਆਦਰਸ਼ਕ ਪਿਆਰ ਬਿਆਨ ਕਰਦਾ ਹੈ। ਵਿਛੋੜੇ ਦਾ ਦਰਦ, ਨਾਵਲ ਦੇ ਅੱਖਰ-ਅੱਖਰ, ਸ਼ਬਦ-ਸ਼ਬਦ ਵਿੱਚੋਂ ਚੋਂਦਾ ਹੈ। ਅਜਿਹੇ ਹਾਲਾਤ ਵਿੱਚ ਪਾਠਕ ਨਾਵਲ ਦੀਆਂ ਘਟਨਾਵਾਂ ਨੂੰ ਮਨੁੱਖੀ ਜੀਵਨ ਨਾਲ ਮੇਚਦਿਆਂ ਘਟਨਾਵਾਂ ਨਾਲ ਇੱਕਸੁਰ ਹੋ ਜਾਂਦਾ ਹੈ। ਆਪਣੇ ਜੀਵਨ ਅਤੇ ਨਾਵਲੀ ਜੀਵਨ ਨਾਲ ਇੱਕਮਿੱਕ ਹੋ ਕੇ ਨਾਵਲ ਵਿੱਚੋਂ ਪ੍ਰੇਰਨਾ ਲੈਂਦਾ ਹੈ। ਇਹੀ ਨਾਵਲ ਦਾ ਹਾਸਲ ਹੈ। ਉਸ ਦੀਆਂ ਰਚਨਾਵਾਂ ਉਸ ਨੂੰ ਵੱਡੇ ਲੇਖਕਾਂ ਨਾਲ ਮੇਚਦੀਆਂ ਜਾਪਦੀਆਂ ਹਨ। ਉਸ ਦਾ ਲੇਖਕੀ ਸਫ਼ਰ ਉਸ ਨੂੰ ਇੱਕ ਆਦਰਸ਼ਕ ਪੜਾਅ ਵੱਲ ਵਧਾਉਂਦਾ ਜਾ ਰਿਹਾ ਹੈ।

ਬਾਕੀ ਸਫ਼ਾ 22 'ਤੇ........



## ਅੰਗ੍ਰੇਜ਼ੀ ਕਵਿਤਾ - ਮਾਂ

ਮੂਲ ਲੇਖਕ- ਪ੍ਰਵਾਜ਼ ਸਿੰਘ ਯੂ.ਐੱਸ.ਏ.
ਅਨੁਵਾਦਕ - ਦਵਿੰਦਰ ਸਿੰਘ ਜਟਾਣਾ

ਵਰ੍ਹੇ ਬਾਰਾਂ ਬੀਤ ਗਏ
ਤੇਰਾ ਪਹਿਲਾ ਬੋਲ ਸੁਣਿਆ
ਖੋਲ੍ਹੀਆਂ ਅੱਖਾਂ ਮੂੰਹ ਤੱਕਿਆ
ਭਰ ਗਈ ਸਾਂ ਖੁਸ਼ੀ ਤੇ ਪਿਆਰ ਨਾਲ
ਰਾਹ ਦਸੇਰਾ ਬਣੀ ਤੂੰ, ਮੈਂ ਵੱਡੀ ਹੋਈ।
ਜਾਣਦੀ ਸਾਂ ਇਹ ਤੂੰ ਸੀ
ਖੁਸ਼ੀ ਜਾਂ ਆਂਸੂ
ਨੇੜੇ ਸੈਂ ਹਮੇਸ਼ ਤੂੰ
ਕੰਨਾਂ ਮੇਰਿਆਂ ਤੇਰੇ ਬੋਲ ਸੁਣੇ
ਤੂੰ ਪਿਆਰ ਸੀ ਮੇਰਾ ਸਦੀਵ ਤੋਂ
ਮਾਂ ਹੀ ਨਹੀਂ, ਦੋਸਤ ਏਂ ਮੇਰੀ
ਸ਼ਬਦਾਂ ਦੀ ਸਮਝ ਤੋਂ ਬਾਹਰ
ਮੈਂ ਤੈਨੂੰ ਸਮਝਿਆ।
ਤਰਾਸ਼ਣਾ, ਸੰਭਾਲਣਾ, ਚੁੰਮਣਾ
ਹੰਝੂਆਂ ਨੂੰ ਪੂੰਝਣਾ
ਸਹਾਰਾ, ਪਿਆਰ ਜੋ ਤੂੰ ਦਿੱਤਾ
ਲੱਖ ਧੰਨਵਾਦ ਵੀ ਥੋੜ੍ਹਾ
ਦਹਿਕਦੇ ਤਾਰਿਆਂ ਦੀ ਚਮਕ
ਫੁੱਲਾਂ ਨਾਲ ਖੇਡਣਾ
ਬਹੁਮੰਜਲੀ ਇਮਾਰਤ ਦੇ ਫ਼ਰਸ਼ ਗਿਣਨਾ
ਵੇਖ ਸਕਦੇ ਹਾਂ ਕਿੱਧਰੇ ਵੀ
ਆ ਜ਼ਿੰਦਗੀ ਮਾਣੀਏਂ
ਖੁਲ੍ਹੀ ਹਵਾ 'ਚ ਸਾਹ ਲਈਏ

❋ ❋ ❋ ❋ ❋

.......ਸਫ਼ਾ 21 ਦੀ ਬਾਕੀ

ਸੁਰਿੰਦਰ ਕੌਰ ਸੈਣੀ ਦੇ ਇਸ ਨਾਵਲ ਨੂੰ 'ਜੀ ਆਇਆਂ' ਆਖਦਿਆਂ ਉਸ ਨੂੰ ਇਸ ਨਵੀਂ ਰਚਨਾ ਦੀ ਵਧਾਈ ਦਿੰਦਿਆਂ ਪਾਠਕਾਂ ਨੂੰ ਇਸ ਨੂੰ ਪੜ੍ਹਨ ਦੀ ਸਿਫ਼ਾਰਸ਼ ਕਰਦੀ ਹਾਂ। ਪੜ੍ਹੋਗੇ ਤਾਂ ਮੇਰੀ ਗੱਲ ਨਾਲ ਸਹਿਮਤ ਹੋਵੋਗੇ ਕਿ ਇਹ ਸਾਡੀ, ਤੁਹਾਡੀ ਅਤੇ ਸਾਡੇ ਵਰਗੇ ਕਿੰਨਿਆਂ ਦੀ ਕਹਾਣੀ ਲੱਗੇਗੀ। ਫੋਨ–9417802835



ਕਵਿਤਾ

## ਸੰਤ ਬਾਬਾ ਸਤਿਨਾਮ ਜੀ

ਬਾਬਾ ਦਲਜੀਤ ਸਿੰਘ
ਸ਼ਿਕਾਗੋ

ਸੰਤ ਬਾਬਾ ਸਤਿਨਾਮ ਸਿੰਘ ਜੀ ਰੋਪੜ ਵਾਲੇ,
ਸੰਗਤ ਆਖਦੀ ਬਾਬਾ ਸਤਿਨਾਮ ਭਾਈ।
ਸਾਧ ਰੂਪ ਸੀ ਬਚਪਨ ਤੋਂ ਭਜਨ ਕਰਦੇ,
ਜਪਦੇ ਰਹਿੰਦੇ ਸੀ ਰੱਬ ਦਾ ਨਾਮ ਭਾਈ।
ਪੜ੍ਹਦੇ ਜਿਸ ਪਾਠਸ਼ਾਲਾ ਉੱਥੇ ਅੱਗ ਲੱਗੀ,
ਸਭ ਨੱਸ ਗਏ ਛੱਡ ਕੇ ਥਾਮ ਭਾਈ।
ਆਪ ਰਹੇ ਅਡੋਲ ਹਿੱਲੇ ਰੱਤੀ ਭਰ ਨਾਂ,
ਜਪਦੇ ਰਹੇ ਸਤਿਨਾਮ ਸਤਿਨਾਮ ਭਾਈ।
ਬਾਰਿਸ਼ ਹੋਈ ਇਕ ਦਮ ਅੱਗ ਬੁਝੀ ਸਾਰੀ,
ਹੋਈ ਚਰਚਾ ਵਿਚ ਸ਼ਹਿਰ ਗਰਾਮ ਭਾਈ।
ਲਾਉਂਦੇ ਸੰਗਤਾਂ ਨੂੰ ਲੜ ਗੁਰੂ ਗ੍ਰੰਥ ਜੀ ਦੇ,
ਕਹਿੰਦੇ ਇਸੇ ਨੂੰ ਕਰੋ ਪ੍ਰਨਾਮ ਭਾਈ।
ਰੱਖੋ ਕੇਸ ਤੇ ਛੱਡੋ ਹਜਾਮਤਾਂ ਨੂੰ,
ਨੇੜੇ ਜਾਣਾ ਨਹੀਂ ਹੁੱਕਾ ਹਰਾਮ ਭਾਈ।
ਨਾ ਹੀ ਮੜੀਆਂ ਮਸਾਣੀਆਂ ਨੂੰ ਪੂਜਣਾ ਹੈ,
ਗੁਰੂ ਘਰ ਤੋਂ ਨਹੀਂ ਵੱਡਾ ਕੋਈ ਧਾਮ ਭਾਈ।
ਸੇਵਾ ਸੌਂਪ ਕਿਹਾ ਸੰਤ ਗੁਰਦਿਆਲ ਸਿੰਘ ਨੂੰ,
ਤੁਸੀਂ ਪੂਰੇ ਕਰਨੇ ਰਹਿੰਦੇ ਕਾਮ ਭਾਈ।
ਅਸੀਂ ਕੀਤੀ ਤਿਆਰੀ ਹੁਣ ਸੱਚਖੰਡ ਦੀ,
ਹੋਇਆ ਧੁਰ ਤੋਂ ਹੁਕਮ ਇਲਹਾਮ ਭਾਈ।
ਰੂਪ ਰਾਮ ਸੀ ਉਹ ਕਹਿਣ ਸ਼ਿਕਾਗੋਵਾਲੇ,
ਜੋਤ ਵਿਚ ਮਿਲਾਈ ਸੱਚੇ ਰਾਮ ਭਾਈ।...

❋ ❋ ❋ ❋ ❋


ਸਾਧ ਕੀ ਮਹਿਮਾ ਬੇਦ ਨ ਜਾਨਹਿ
ਜੇਤਾ ਸੁਨਹਿ ਤੇਤਾ ਬਖਿਆਨਹਿ।

ਤੈਸਾ ਮਾਨੁ ਤੈਸਾ ਅਭਿਮਾਨੁ
ਤੈਸਾ ਰੰਕੁ ਤੈਸਾ ਰਾਜਾਨੁ
ਜੋ ਵਰਤਾਏ ਸਾਈ ਜੁਗਤਿ
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ

-ਸੁਖਮਨੀ ਸਾਹਿਬ

## STORY OF SUCCESS


Balbir Singh Saini
Saini Bhawan Rupnagar



Here is a story of S. Baldev Singh, a village boy who rode into the pinnacles of top management in public sector oil industry with his industrious and dedicated service. From simple beginnings from a remote village he climbed the ladder of successes. S. Baldev Singh was born on 6th June 1938 in the Saini family of S. Mota Singh and Mrs Durgi Devi, hailing from the village of Haveli Kalan in the District of Ropar, Punjab. The family was engaged in agriculture in their own irrigated farmland situated on the eastern bank of the Sutlej River. The frequent deluges and flooding of the Sutlej often ravaged their standing crops, compelling the family to maintain a herd of a dozen buffaloes for supplementary income. During his school holidays, he would take the livestock to graze in the verdant expanse of the forest near the bank of river Satluj.

Right from childhood, he adhered to the guidance of his mother and elder brother, S. Prem Singh who taught him, to diligently apply himself to his studies with truth as compass, to invest honest and earnest efforts in all his endeavours and eschew any shortcuts, to place unwavering faith in God for the success of his sincere and dedicated efforts, should he encounter failure, do not succumb to frustration; instead, endeavour again with renewed vigour and seek guidance from his teachers , to refrain from accepting any unmerited favours, while extending assistance to those in need whenever possible, to always show reverence to his teachers and elders, to maintain good health through a daily morning bath, regular exercise, and adequate milk consumption. He managed his life and career with the above principles. From freak jobs in a village to the level of Chairman & Managing Director of a couple of public sector undertaking and with his valuable contribution for the development of several oil fields in India for self-sustenance of petroleum energy of the country.

In the childhood he performed regular exercises and played Kabaddi game. He used to travel two-kilometre to reach his school and carry twenty kilogram of wheat upon his head for grinding. Each morning, around 4 AM, his mother would awaken him with a cup of tea to study. This routine facilitated his dedication and ultimately enabled him to complete Matriculation with commendable marks. His eldest brother who was employed on the construction project of the Bhakra Dam, inspired him to pursue a career in engineering to oversee such monumental projects. Consequently, he gained admission to Government College Rupar, enrolling in non-medical science subjects for entry into engineering.



After completing B.Sc from this college, he got admission in Indian School of Mines, Dhanbad to study Petroleum Technology that was established in 1956, to explore petroleum reserves in the country, which later evolved into the independent company known as ONGC. It was bound by regulations, resulting in delays in recruitment. After completing studies some of his classmates joined higher studies and some went abroad for employment. During this time, he assisted his brother with farming and served as a Science Teacher at Government Girls Higher Secondary School in Ropar. He informed the nation's leaders about the realities and challenges surrounding the brain drain phenomenon by writing letters to both the Prime Minister and the Chief Minister of Punjab. He received a call to join ONGC alongside his remaining classmates in the petroleum sector. So he joined the Oil and Natural Gas Commission, directly under the Govt of India under Ministry of Petroleum. While joining in his new role, **his** mother and elder brother urged him to adhere to certain fundamental principles. These guidelines

Continued on page 25....

ਮਿੱਠੀਆਂ ਯਾਦਾਂ

ਡਾ. ਧਰਮਪਾਲ ਸਾਹਿਲ
ਜਲੰਧਰ

# ਅਸੀਂ ਆਖਰੀ ਪੀੜ੍ਹੀ ਦੇ ਲੋਕ

ਕਦੇ ਕਦੇ ਸੋਚਦਾ ਹਾਂ ਸ਼ਾਇਦ ਅਸੀਂ ਉਸ ਆਖ਼ਰੀ ਪੀੜ੍ਹੀ ਦੇ ਲੋਕ ਹਾਂ ਜਿਨ੍ਹਾਂ ਦੀ ਪਰਵਰਿਸ਼ ਸਾਂਝੇ ਪਰਿਵਾਰਾਂ ਵਿੱਚ ਹੋਈ। ਸਾਨੂੰ ਆਪਣੇ ਮਾਤਾ-ਪਿਤਾ ਦੇ ਨਾਲ ਨਾਲ ਦਾਦਾ-ਦਾਦੀ, ਨਾਨਾ-ਨਾਨੀ, ਮਾਮਾ-ਮਾਮੀ, ਤਾਏ-ਤਾਈ, ਚਾਚੇ-ਚਾਚੀ ਤੇ ਭੂਆ-ਮਾਸੀਆਂ ਦਾ ਪੂਰਾ ਪਿਆਰ ਮਿਲਿਆ। ਅਸੀਂ ਦਾਦਕੇ-ਨਾਨਕੇ ਛੁੱਟੀਆਂ ਕੱਟੀਆਂ ਅਤੇ ਬਚਪਨ ਵਿੱਚ ਬਜ਼ੁਰਗਾਂ ਤੋਂ ਰਾਜੇ-ਰਾਣੀਆਂ, ਭੂਤਾਂ-ਪ੍ਰੇਤਾਂ ਦੀਆਂ ਕਹਾਣੀਆਂ ਸੁਣੀਆਂ। ਅਸੀਂ ਹਾਂ ਜਿਹੜੇ ਮਾਣੋ ਬਿੱਲੀ ਆਉਣ ਦੇ ਡਰੋਂ ਦੜ ਵੱਟ ਕੇ ਸੌਂ ਜਾਂਦੇ ਰਹੇ। ਪਿੰਡ ਦੇ ਸਕੂਲ 'ਚ ਦਾਖਲੇ ਸਮੇਂ ਜਨਮ ਪ੍ਰਮਾਣ ਪੱਤਰ ਨਾ ਹੋਣ ਕਰ ਕੇ ਅੰਦਾਜ਼ੇ ਨਾਲ ਉਮਰ ਮਿੱਥ ਕੇ ਲਿਖਾ ਦਿੰਦੇ। ਪਹਿਲੇ ਦਿਨ ਮਾਸਟਰ ਤੋਂ 'ਲਟ ਪਟ ਪੰਛੀ ਚਤਰ ਸੁਜਾਨ, ਸਭ ਦਾ ਦਾਤਾ ਸ਼੍ਰੀ ਭਗਵਾਨ' ਦਾ ਬੀਜ ਮੰਤਰ ਯਾਦ ਕਰ ਕੇ ਪੜ੍ਹਾਈ ਦਾ ਸ਼੍ਰੀ ਗਣੇਸ਼ ਕੀਤਾ। ਅਸੀਂ ਪੁਰਾਣੇ ਕੱਪੜਿਆਂ ਤੋਂ ਤਿਆਰ ਕੀਤੇ ਬਸਤੇ ਵਿੱਚ ਕਿਤਾਬਾਂ ਰੱਖ ਕੇ ਹੱਥ 'ਚ ਫੱਟੀ ਅਤੇ ਬੈਠਣ ਲਈ ਖਾਲੀ ਬੋਰੀ ਲੈ ਕੇ ਸਕੂਲ ਜਾਂਦੇ। ਅਸੀਂ ਸਕੂਲ ਦੇ ਚਵੱਚੇ ਜਾਂ ਨੇੜਲੀ ਛਪੜੀ 'ਤੇ ਫੱਟੀਆਂ ਧੋਤੀਆਂ। ਪੀਲੀ ਤੇ ਚਿੱਟੀ ਗਾਚਣੀ ਨਾਲ ਫੱਟੀ ਲਿੱਪ ਕੇ ਹਵਾ 'ਚ ਘੁਮਾਉਂਦਿਆਂ 'ਸੂਰਜਾ-ਸੂਰਜਾ ਫੱਟੀ ਸੁਕਾ, ਸਾਡੀ ਕੋਠੀ ਦਾਣੇ ਪਾ' ਦੀ ਮੁਹਾਰਨੀ ਪੜ੍ਹੀ। ਅਸੀਂ ਮਿੱਟੀ, ਕੱਚ ਜਾਂ ਲੋਹੇ ਦੀ ਦਵਾਤ ਵਿੱਚ ਘਰੇ ਤਵੇ ਦੀ ਕਾਲਕ ਅਤੇ ਕਿੱਕਰ ਦੇ ਗੂੰਦ ਨਾਲ ਤਿਆਰ ਕੀਤੀ ਸਿਆਹੀ ਪਾ ਕੇ ਕਾਨੇ ਦੀਆਂ ਕਲਮਾਂ ਡੋਬ ਕੇ ਫੱਟੀਆਂ 'ਤੇ ਖੁਸ਼ਖਤ ਇਬਾਰਤਾਂ ਲਿਖਦੇ। ਅਸੀਂ ਮਿੱਟੀ, ਰੇਤ ਜਾਂ ਚੁਲ੍ਹੇ ਦੀ ਸਵਾਹ 'ਤੇ ਉਂਗਲਾਂ ਨਾਲ 'ਊੜਾ-ਐੜਾ-ਈੜੀ ' ਲਿਖਦੇ। ਸਲੇਟ 'ਤੇ ਹਿਸਾਬ ਦੇ ਸਵਾਲ ਹੱਲ ਕਰਨੇ ਸਿੱਖੇ, ਜਿਨ੍ਹਾਂ ਨੂੰ ਅੱਧੇ, ਪੌਣੇ, ਡਿਊਢੇ, ਢਾਏ ਆਦਿ ਦੇ ਪਹਾੜੇ ਗਾ ਕੇ ਸਿਖਾਏ ਗਏ। ਅਸੀਂ ਛੁੱਟੀ ਹੋਣ ਤੋਂ ਪਹਿਲਾਂ ਕੁੱਦ ਕੁੱਦ ਕੇ ਪਹਾੜੇ ਪੜ੍ਹਦੇ। ਗਾਚਣੀ ਤੇ ਸਲੇਟੀਆਂ ਖਾਣ ਦੀ ਆਦਤ ਕਰ ਕੇ ਘਰ ਦਿਆਂ ਤੋਂ ਮਾਰ ਵੀ ਖਾਧੀ। ਜਦੋਂ ਕਿਸੇ ਸਾਥੀ ਨਾਲ ਲੜਾਈ ਹੁੰਦੀ ਤਾਂ ਹੱਥਲੀਆਂ ਫੱਟੀਆਂ ਹੀ ਸਾਡਾ ਪ੍ਰਮੁੱਖ ਹਥਿਆਰ ਬਣੀਆਂ। ਸਾਲ ਮੁਕਣ 'ਤੇ ਪਾਸ ਹੋਣ ਦੀ ਖਬਰ ਸੁਣਦਿਆਂ ਹੀ ਅਗਲੀ ਕਲਾਸ ਦੀਆਂ ਪੁਰਾਣੀਆਂ ਕਿਤਾਬਾਂ ਖਰੀਦਣ ਲਈ ਦੌੜ-ਭੱਜ ਕਰਨੀ। ਅਸੀਂ ਗੁੱਲੀ-ਡੰਡਾ, ਪਿੱਠੂ, ਬੰਟੇ, ਲੁਕਣ ਮੀਟੀ, ਸਟਾਪੂ ਸਮੁੰਦਰ, ਕੋਟਲਾ ਛਪਾਕੀ ਅਤੇ ਭੰਡਾ ਭੰਡਾਰੀਆ ਖੇਡਾਂ ਖੇਡ ਕੇ ਮਨ-ਪਰਚਾਵਾ ਕੀਤਾ। ਅਸੀਂ ਵਿਦਾ ਹੁੰਦੀ ਡੋਲ਼ੀ ਤੋਂ ਵਾਰੀਆਂ ਪੰਜੀਆਂ-ਦਸੀਆਂ ਚੁੱਕੀਆਂ ਤੇ ਸਾਥੀਆਂ ਨੂੰ ਹੁੱਬ ਹੁੱਬ ਕੇ ਆਪਣੀ ਕਮਾਈ ਦਿਖਾਈ। ਅਸੀਂ ਹਾਂ, ਜਿਨ੍ਹਾਂ ਨੇ ਘਰ ਦਾ ਦੁੱਧ, ਦਹੀਂ, ਮੱਖਣ ਅਤੇ ਘਿਓ ਰੱਜ ਰੱਜ ਕੇ ਖਾਧਾ। ਅਸੀਂ ਹੀ ਆਪਣੇ ਬਾਪ ਨਾਲ ਖੇਤਾਂ ਵਿੱਚੋਂ ਕਣਕ, ਮੱਕੀ, ਕਮਾਦ ਤੇ ਕਪਾਹ ਵੱਢੀ, ਭਰੀਆਂ ਬੰਨ੍ਹੀਆਂ, ਖਲੀਆਂ ਲਾਈਆਂ ਤੇ ਵੇਲਣੇ ਚਲਾਏ, ਗੁੜ ਬਣਾਇਆ ਤੇ ਕਣਕ ਗਾਹੀ।

ਅਸੀਂ ਹਾਂ ਜਿਨ੍ਹਾਂ ਨੇ ਕਿਤਾਬਾਂ-ਕਾਪੀਆਂ 'ਚ ਲੁਕੋ ਕੇ ਪ੍ਰੇਮ-ਪੱਤਰਾਂ ਦਾ ਆਦਾਨ-ਪ੍ਰਦਾਨ ਕੀਤਾ ਤੇ ਆਪਣਾ ਦੋਸਤ ਪਿਆਰਾ ਦੂਰ ਹੋਣ 'ਤੇ ਸ਼ਾਇਦ ਡਾਕੀਏ ਦੀ ਸਭ ਤੋਂ ਵੱਧ ਉਡੀਕ ਕੀਤੀ। ਸਹੀ ਹੱਥਾਂ 'ਚ ਆਪਣਾ ਖ਼ਤ ਸਹੀ-ਸਲਾਮਤ ਪਹੁਚਾਉਣ ਲਈ ਡਾਕੀਏ ਦੀ ਮੁੱਠੀ ਵੀ ਗਰਮ ਕੀਤੀ। ਲਾਲ ਰੰਗੇ ਲੈਟਰ ਬਾਕਸ ਵਿੱਚ ਚਿੱਠੀ ਪਾਉਂਦੇ ਸਾਰ ਹੀ ਜਵਾਬ ਦੀ ਉਡੀਕ ਸ਼ੁਰੂ ਕੀਤੀ ਅਤੇ ਹਿਸਾਬ ਲਾਉਣ ਲਗਦੇ ਕਿ ਕਿੰਨੇ ਦਿਨਾਂ ਬਾਅਦ ਇਸ ਦਾ ਜਵਾਬ ਆਵੇਗਾ। ਕਿਸੇ ਅਨਮੋਲ ਖਜਾਨੇ ਵਾਂਗ ਲੁਕੋ-ਲੁਕੋ ਕੇ ਰੱਖੇ ਉਨ੍ਹਾਂ ਜਵਾਬੀ ਖ਼ਤਾਂ ਨੂੰ ਵਾਰ ਵਾਰ ਪੜ੍ਹਦੇ ਤੇ ਖ਼ਤ ਦਾ ਅੱਖਰ-ਅੱਖਰ ਚੇਤੇ ਹੋ ਜਾਂਦਾ। ਕਬੀਲਦਾਰੀ 'ਚ ਪਏ ਤਾਂ ਮੁਹੱਬਤ ਦੀਆਂ ਅਸਥੀਆਂ ਵਾਂਗ ਉਨ੍ਹਾਂ ਖ਼ਤਾਂ ਨੂੰ ਵਗਦੇ ਪਾਣੀ ਵਿੱਚ ਤਾਰ ਆਉਂਦੇ ਅਤੇ ਰਹਿਬਰ ਸਾਹਿਬ ਦੀ ਲਿਖੀ ਤੇ ਜਗਜੀਤ ਸਿੰਘ ਵਲੋਂ ਗਾਈ ਗ਼ਜ਼ਲ, 'ਤੇਰੇ ਖ਼ੁਸ਼ਬੂ ਮੇਂ ਬਸੇ ਖ਼ਤ ਮੈਂ ਜਲਾਤਾ ਕੈਸੇ…' ਗੁਣਗੁਣਾਉਂਦੇ। ਅਸੀਂ ਆਲ ਇੰਡੀਆ ਰੇਡੀਓ ਦੀ ਉਰਦੂ ਸਰਵਿਸ 'ਤੇ ਸਵੇਰੇ 'ਸ਼ਮ-ਏ-ਫ਼ਰੋਜ਼ਾਂ' ਤੋਂ ਲੈ ਕੇ ਦੇਰ ਰਾਤ ਤੱਕ 'ਤਾਮੀਲ-ਏ-ਇਰਸ਼ਾਦ' ਜਿਹੇ ਪ੍ਰੋਗਰਾਮਾਂ ਰਾਹੀਂ ਆਪਣੇ ਪਸੰਦੀਦਾ ਫਿਲਮੀ/ਗ਼ੈਰਫਿਲਮੀ ਗੀਤਾਂ ਦੀ ਉਡੀਕ ਕਰਦੇ। ਅਮੀਨ ਸਿਆਨੀ ਦੀ ਪੁਰਕਸ਼ਿਸ਼ ਆਵਾਜ਼ ਵਿੱਚ ਬਿਨਾਕਾ ਗੀਤਮਾਲਾ ਰਾਹੀਂ ਉਸ ਹਫ਼ਤੇ ਦੇ ਸੁਪਰਹਿੱਟ ਗੀਤ ਸੁਣਨ ਲਈ ਉਤਾਵਲੇ ਹੁੰਦੇ। ਚਿੱਤਰਹਾਰ ਜਾਂ ਕ੍ਰਿਕਟ ਦਾ ਮੈਚ ਵੇਖਣ ਲਈ ਕਿਸੇ ਦੂਰ-ਦੁਰਾਡੇ ਘਰ ਜਾਂਦੇ। ਅਸੀਂ ਛੱਤ 'ਤੇ ਚੜ੍ਹ ਕੇ ਐਂਟੀਨੇ ਹਿਲਾ ਹਿਲਾ, ਘੁਮਾ-ਘੁਮਾ ਕੇ ਟੀਵੀ ਸਕਰੀਨ 'ਤੇ ਹਿੱਲਦੀਆਂ ਤਸਵੀਰਾਂ ਅਤੇ ਗੁਆਚੀ ਆਵਾਜ਼ ਠੀਕ ਕਰਦੇ। ਅਸੀਂ ਵਿਆਹ ਵਾਲੇ ਘਰ 'ਚ ਛੱਤ 'ਤੇ ਮੰਜੇ ਜੋੜ ਕੇ ਰੱਖੇ ਸਪੀਕਰਾਂ ਰਾਹੀਂ ਤਵਿਆਂ ਵਾਲੇ ਗੀਤ ਸੁਣਦੇ। ਅਸੀਂ ਭਾਫ਼ ਵਾਲੇ ਕਾਲੇ ਰੇਲਵੇ ਇੰਜਣ ਨੂੰ ਪਟੜੀ 'ਤੇ ਦੌੜਦਿਆਂ ਦੇਖਿਆ। ਅਸੀਂ ਬਿਰਹਾ ਦੇ ਸੁਲਤਾਨ ਸ਼ਿਵ ਨੂੰ ਪੂਰੇ ਸਰੂਰ 'ਚ ਮੰਚ 'ਤੇ 'ਕੀ ਪੁੱਛਦੇ ਹੋ ਹਾਲ ਫ਼ਕੀਰਾਂ ਦਾ, ਸਾਡਾ ਨਦੀਓਂ ਵਿੱਛੜੇ ਨੀਰਾਂ ਦਾ' ਹੇਕ ਲਾ ਕੇ ਗਾਉਂਦੇ ਦੇਖਿਆ।

ਅਸੀਂ ਹੀ ਉਹ ਲੋਕ ਹਾਂ ਜਿਨ੍ਹਾਂ ਆਪਣੇ ਮਾਂ-ਪਿਉ ਦੇ ਮੋਢਿਆਂ 'ਤੇ ਬੈਠ ਕੇ ਬਾਜ਼ਾਰ ਅਤੇ ਮੇਲਿਆਂ ਦਾ ਆਨੰਦ ਮਾਣਿਆਂ ਤੇ ਰਾਮਲੀਲ੍ਹਾ ਦੇ ਮੈਦਾਨ 'ਚ ਲੋਕਾਂ ਦੀ ਅਣਮੁੱਕੀ ਭੀੜ 'ਚ ਰਾਵਣ, ਮੇਘਨਾਦ ਅਤੇ ਕੁਭਕਰਨ ਦੇ ਸੜਦੇ ਪੁਤਲੇ ਦੇਖੇ। ਅਸੀਂ ਰਾਤਾਂ ਨੂੰ ਖੁਲ੍ਹੇ ਵਿਹੜੇ ਜਾਂ ਛੱਤ 'ਤੇ ਮੱਛਰਦਾਨੀਆਂ ਲਾ ਕੇ ਸੌਂਦੇ ਰਹੇ। ਅਸੀਂ ਸਾਈਕਲ ਦੇ ਡੰਡੇ

'ਤੇ ਤੌਲੀਆ ਲਪੇਟ ਕੇ ਬਣਾਈ ਸੀਟ 'ਤੇ ਬੈਠ ਕੇ 'ਹਵਾਈ ਸਫ਼ਰ ਕੀਤਾ'। ਅਸੀਂ ਹਾਂ ਜਿਨ੍ਹਾਂ ਨੇ ਪਹਿਲੋਂ ਕੈਂਚੀ ਚਲਾ ਕੇ ਤੇ ਮਗਰੋਂ ਲੱਤ ਘੁਮਾ ਕੇ ਕਾਠੀ 'ਤੇ ਬੈਠ ਕੇ ਸਾਈਕਲ ਚਲਾਉਣਾ ਸਿੱਖਿਆ। ਸਾਥੀਆਂ ਨੂੰ ਅੱਗੇ-ਪਿੱਛੇ ਬਿਠਾ ਕੇ ਅਵਾਰਾਗਰਦੀ ਵੀ ਕੀਤੀ। ਅਸੀਂ ਹਾਂ ਜਿਨ੍ਹਾਂ ਨੇ ਹਲਟ ਦੀ ਮਾਹਲ 'ਚੋਂ ਚੁਬੱਚੇ 'ਚ ਡਿਗਦੀ ਠੰਢੇ ਪਾਣੀ ਦੀ ਧਾਰ ਹੇਠ ਨਹਾਉਣ ਦਾ ਆਨੰਦ ਲਿਆ, ਜਿਨ੍ਹਾਂ ਨੇ ਆਪਣੇ ਬਾਪੂ ਤੇ ਦਾਦੇ ਨੂੰ ਖੇਤਾਂ 'ਚ ਬੌਲਦਾਂ ਨਾਲ ਸਿਆੜ ਕੱਢਦਿਆਂ ਦੇਖਿਆ ਤੇ ਸੁਹਾਗੇ 'ਤੇ ਆਪਣੇ ਬਾਪੂ ਦੀਆਂ ਲੱਤਾਂ ਵਿਚਕਾਰ ਬੈਠ ਕੇ ਸੁਹਾਗੇ 'ਤੇ ਝੂਟਿਆਂ ਦਾ ਆਨੰਦ ਮਾਣਿਆਂ। ਅਸੀਂ ਹਾਂ ਜਿਨ੍ਹਾਂ ਨੇ ਬਰਸਾਤਾਂ ਦੀਆਂ ਝੜੀਆਂ ਵਿੱਚ ਦਾਦੀ ਮਾਂ ਦੇ ਹੱਥਾਂ ਨਾਲ ਬਣੇ ਪੂੜਿਆਂ ਤੇ ਪਕੌੜਿਆਂ ਦਾ ਸਵਾਦ ਮਾਣਿਆਂ ਅਤੇ ਵਗਦੇ ਪਾਣੀ ਵਿੱਚ ਕਾਗਜ਼ ਦੀਆਂ ਕਿਸ਼ਤੀਆਂ ਚਲਾਈਆਂ। ਅਸੀਂ ਹੀ ਮੀਂਹ ਵਿੱਚ ਚੋਂਦੇ ਕੱਚੇ ਘਰਾਂ ਦੀਆਂ ਛੱਤਾਂ ਤੋਂ ਡਿਗਦੇ ਪਾਣੀ ਨੂੰ ਇਕੱਠਾ ਕਰਨ ਲਈ ਕੌਲੀਆਂ, ਗਲਾਸ ਅਤੇ ਬਾਲਟੀਆਂ ਰਖਦੇ ਸੀ ਅਤੇ ਦਰਵਾਜ਼ੇ ਦੀ ਡਿਉੜੀ ਕੋਲ ਬਣੇ ਚਵੱਚੇ ਵਿੱਚ ਇਕੱਠੇ ਹੋਏ ਵਾਧੂ ਪਾਣੀ ਨੂੰ ਚੁਲੀਆਂ ਨਾਲ ਬਾਹਰ ਸੁਟਦੇ ਸਾਂ।

ਅਸੀਂ ਹਾਂ, ਜਿਨ੍ਹਾਂ ਨੇ ਨਾਨਕ ਸਿੰਘ ਅਤੇ ਗੁਲਸ਼ਨ ਨੰਦਾ ਦੇ ਨਾਵਲ ਕਿਰਾਏ 'ਤੇ ਲੈ ਕੇ ਕਿਸੇ ਵਰਜਿਤ ਪੁਸਤਕ ਵਾਂਗ ਸਿਲੇਬਸ ਦੀਆਂ ਕਿਤਾਬਾਂ ਹੇਠ ਲੁਕੋ ਲੁਕੋ ਕੇ ਪੜ੍ਹੇ ਅਤੇ ਆਪ ਵੀ ਕੱਚੇ-ਪੱਕੇ ਅਫ਼ਸਾਨੇ ਲਿਖਣ ਤੇ ਤੁਕਬੰਦੀ ਕਰਨ ਦੀ ਕੋਸ਼ਿਸ਼ ਕੀਤੀ। ਅਸੀਂ ਹੀ ਸ਼ਾਇਦ ਉਸ ਆਖਰੀ ਪੀੜ੍ਹੀ ਦੇ ਲੋਕ ਹੋਵਾਂਗੇ ਜਿਨ੍ਹਾਂ ਨੇ ਪਿਆਰ ਦਾ ਇਜ਼ਹਾਰ ਕਰਨ ਲਈ ਸਾਲਾਂ ਬੱਧੀ ਉਡੀਕ ਕੀਤੀ ਅਤੇ ਆਪਣੇ ਮਾਤਾ-ਪਿਤਾ ਤੇ ਖਾਨਦਾਨ ਦੀ ਇੱਜਤ ਖ਼ਾਤਿਰ ਆਪਣੇ ਅਰਮਾਨਾਂ ਦਾ ਆਪਣੇ ਹੱਥੀਂ ਹੀ ਗਲ਼ਾ ਘੁੱਟ ਦਿੱਤਾ। ਜੀ ਹਾਂ, ਅਸੀਂ ਹੀ ਉਸ ਆਖ਼ਰੀ ਪੀੜ੍ਹੀ ਦੇ ਕੁੱਝ ਬਚੇਖੁਚੇ ਲੋਕ ਹਾਂ ਜਿਨ੍ਹਾਂ ਨੇ ਅਜਿਹਾ ਹੋਰ ਬਹੁਤ ਕੁੱਝ ਦੇਖਿਆ, ਸੁਣਿਆਂ, ਪੜ੍ਹਿਆ, ਹੰਢਾਇਆ ਤੇ ਨਿਭਾਇਆ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਜੂਬਾ ਲੱਗੇਗਾ। ( ਪੰਜਾਬੀ ਟ੍ਰਿਬਿਊਨ ਵਿੱਚੋਂ ਧੰਨਵਾਦ ਸਹਿਤ)




ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ

ਕਵਿਤਾ

## ਸਿਆਣੀਆਂ ਕੁੜੀਆਂ

ਕੌਰ ਥਿੰਦ, ਨੀਦਰਲੈਂਡ

ਸਿਆਣੀਆਂ ਕੁੜੀਆਂ ਸੱਦੀਆਂ ਜਾਂਦੀਆਂ ਨੇ  
ਜਿਹੜੀਆਂ-  
ਸਬਰ ਕਰਨਾ ਸਿੱਖ ਲੈਂਦੀਆਂ ਨੇ,  
ਜਬਰ ਜਰਨਾ ਸਿੱਖ ਲੈਂਦੀਆਂ ਨੇ।  
ਹਰ ਗੱਲ ਵਿੱਚ ਹਾਮੀ ਭਰਦੀਆਂ ਨੇ,  
ਨਾਂਹ ਕਹਿਣ ਤੋਂ ਡਰਦੀਆਂ ਨੇ।  
ਉਧਾਰੇ ਸਾਹ ਲੈਂਦੀਆਂ ਨੇ,  
ਮੁਖੌਟੇ ਪਾ ਲੈਂਦੀਆਂ ਨੇ।  
ਘੁੰਡਾਂ ਵਿੱਚ ਲੁਕ ਕੇ ਰਹਿੰਦੀਆਂ ਨੇ,  
ਸਭ ਅੱਗੇ ਝੁਕ ਕੇ ਰਹਿੰਦੀਆਂ ਨੇ।  
ਬੱਸ ਘਰ ਵਸਾਉਣੇ ਚਾਹੁੰਦੀਆਂ ਨੇ,  
ਭਾਵੇਂ ਸੱਚ 'ਤੇ ਪਰਦਾ ਪਾਉਂਦੀਆਂ ਨੇ।  
ਸੁਪਨੇ ਮਾਰ ਲੈਂਦੀਆਂ ਨੇ,  
ਨਾ ਖ਼ੁਦ ਦੀ ਸਾਰ ਲੈਂਦੀਆਂ ਨੇ।  
ਅੰਦਰ ਵੜ ਵੜ ਰੋਂਦੀਆਂ ਨੇ,  
ਝੂਠੀ ਜ਼ਿੰਦਗੀ ਜਿਉਂਦੀਆਂ ਨੇ।  
ਜਜ਼ਬਾਤ ਦੱਬ ਲੈਂਦੀਆਂ ਨੇ,  
ਅੱਕ ਵੀ ਚੱਬ ਲੈਂਦੀਆਂ ਨੇ।  
ਅੰਦਰੋਂ ਅੰਦਰ ਮੁੱਕਦੀਆਂ ਨੇ,  
ਆਵਾਜ਼ ਕਦੇ ਨਾ ਚੁੱਕਦੀਆਂ ਨੇ।

.......continued from page 23

served him well during both favourable and adverse times.

Like many others, he navigated through numerous changing situations, both professionally and socially; yet, adhering to a truthful path has kept him fearless, untroubled, and resilient throughout entire professional journey. Aside thirty years of his professional tenure at ONGC, he was also appointed as Chairman and Managing Director of National Instruments Ltd and Chairman and Managing Director of Cycle Corporation of India, both public sector undertakings based in Kolkata



# ਮੇਰਾ ਪਿੰਡ

ਡਾ. ਰਣਜੀਤ ਸਿੰਘ (ਤੰਬੜ)
ਲੁਧਿਆਣਾ

ਮੇਰੇ ਪਿੰਡ ਸੂਰਾਪੁਰ ਦੇ ਵਸਨੀਕ ਆਪਣੇ ਆਪ ਨੂੰ 'ਸੂਰਮੇ' ਆਖਦੇ ਹਨ। ਇਹ ਮੰਨਿਆਂ ਜਾਂਦਾ ਹੈ ਕਿ ਪਿੰਡ ਕੋਈ ਚਾਰ ਕੁ ਸਦੀਆਂ ਪਹਿਲਾਂ ਹੋਂਦ ਵਿੱਚ ਆਇਆ ਸੀ। ਬਹੁਤਾ ਵੱਡਾ ਪਿੰਡ ਨਹੀਂ, ਕੋਈ 1600 ਬੰਦਿਆਂ ਦੀ ਵਸੋਂ ਹੈ। ਪਿੰਡ ਦੀਆਂ ਤਿੰਨ ਹੀ ਗਲ਼ੀਆਂ ਹਨ। ਇੱਕ ਪਾਸੇ ਦੀ ਗਲ਼ੀ ਜਾਂ ਵੀਹੀ ਵਿੱਚ ਪਾਬਲ਼ਾ ਗੋਤ ਦੇ ਪਰਿਵਾਰ ਹਨ ਤੇ ਦੂਜੇ ਪਾਸੇ ਬੋਲ਼ਾ ਗੋਤੀ ਹਨ। ਵਿਚਕਾਰਲੀ ਗਲ਼ੀ ਤੰਬੜ ਗੋਤੀਆਂ ਦੀ ਹੈ।

ਸੂਰਾਪੁਰ ਆਪਣੀ ਛਿੰਜ ਲਈ ਪ੍ਰਸਿੱਧ ਹੈ। ਛਿੰਜ ਉੱਨੀ ਹੀ ਪੁਰਾਣੀ ਹੈ ਜਿਤਨਾ ਕਿ ਪੁਰਾਣਾ ਪਿੰਡ ਹੈ। ਛਿੰਜ ਗੁੱਗੇਨਾਮੀ ਦੇ ਦੂਜੇ ਦਿਨ ਗੁੱਗਾ ਉਪਾਸ਼ਕਾਂ ਵਲੋਂ ਤੇ ਤੀਜੇ ਦਿਨ ਪਿੰਡ ਦੀ ਪੰਚਾਇਤ ਦੀ ਦੇਖ ਰੇਖ ਹੇਠ ਪੈਂਦੀ ਹੈ। ਇਨ੍ਹਾਂ ਦਿਨਾਂ ਵਿੱਚ ਸਾਰਾ ਪਿੰਡ ਪ੍ਰਾਹੁਣਿਆਂ ਨਾਲ ਭਰ ਜਾਂਦਾ ਹੈ। ਗੁੱਗੇ ਪੀਰ ਦੇ ਉਪਾਸ਼ਕ ਆਪਣੇ ਜਥੇ ਨਾਲ ਗੁੱਗਾਨੌਮੀ ਤੋਂ ਨੌ ਕੁ ਦਿਨ ਪਹਿਲਾਂ ਆਪਣੀ ਮੰਡਲੀ ਨਾਲ ਘਰ ਘਰ ਜਾ ਕੇ ਗੁੱਗੇ ਪੀਰ ਦੀਆਂ ਭੇਟਾਂ ਦਾ ਗਾਇਨ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਦਾ ਸਾਜ ਕੇਵਲ ਡੌਰੂ ਹੀ ਹੁੰਦਾ ਹੈ। ਕੁੱਝ ਦਿਨ ਪਿੰਡ ਵਿੱਚ ਰਹਿਣ ਪਿੱਛੋਂ ਉਹ ਲਾਗਲੇ ਪਿੰਡਾਂ ਵਿੱਚ ਚਲੇ ਜਾਂਦੇ ਹਨ। ਗੁੱਗੇਨਾਮੀ ਵਾਲੇ ਦਿਨ ਪਿੰਡ ਦੇ ਬਸੀਮੇ ਉੱਤੇ ਆ ਕੇ ਭੇਟਾਂ ਗਾਉਣੀਆਂ ਸ਼ੁਰੂ ਕਰਦੇ ਸਨ , ਨਾਲ ਨਾਲ ਢੋਲ ਵੱਜਦਾ ਸੀ। ਚੇਲੇ ਨੂੰ ਪੌਣ ਆ ਜਾਂਦੀ ਤੇ ਉਹ ਖੇਲਣਾ ਸ਼ੁਰੂ ਕਰ ਦਿੰਦਾ। ਨੰਗਾ ਪਿੰਡਾ ਤੇ ਕੇਵਲ ਲੰਗੋਟ, ਹੱਥ ਵਿੱਚ ਲੋਹੇ ਦੀ ਛੜ ਜਿਸ ਨੂੰ ਉਹ ਆਪਣੇ ਪਿੰਡੇ ਉੱਤੇ ਮਾਰਦਾ ਸੀ। ਕਈ ਵਾਰ ਇੱਕ ਹੋਰ ਚੇਲੇ ਨੂੰ ਪੌਣ ਆ ਜਾਂਦੀ ਤੇ ਉਹ ਵੀ ਖੇਲਣ ਲਗ ਜਾਂਦਾ। ਬਸੀਮੇ ਤੋਂ ਕੋਈ ਦੋ ਕਿਲੋਮੀਟਰ ਦਾ ਸਫਰ ਇਵੇਂ ਹੀ ਹੁੰਦਾ। ਸੜਕ ਦੇ ਦੋਵੇਂ ਪਾਸੇ ਦਰਸ਼ਕਾਂ ਦੀ ਭੀੜ ਹੁੰਦੀ। ਸਾਰੀ ਰਾਤ ਨਗਾਰ ਵਜਾਇਆ ਜਾਂਦਾ। ਦੂਜੇ ਦਿਨ ਫਿਰ ਇਸੇ ਤਰ੍ਹਾਂ ਚੇਲਾ ਖੇਲਦਾ ਹੋਇਆ ਛਿੰਜ ਦੇ ਪਿੜ ਵਿੱਚ ਪੁੱਜਦਾ। ਦੂਜੇ ਦਿਨ ਪਿੰਡ ਦੀ ਪੰਚਾਇਤ ਵਲੋਂ ਛਿੰਜ ਪੁਆਈ ਜਾਂਦੀ। ਉਦੋਂ ਪਟਕੇ ਦੀ ਕੁਸ਼ਤੀ ਦੇ ਜੇਤੂ ਨੂੰ ਵੱਧ ਤੋਂ ਵੱਧ ਪੰਜ ਰੁਪੈ ਦਿੱਤੇ ਜਾਂਦੇ ਸਨ ਪਰ ਪਹਿਲਵਾਨ ਦੂਰੋਂ ਦੂਰੋਂ ਆਉਂਦੇ ਸਨ। ਹੁਣ ਮਾਹੌਲ ਬਦਲ ਗਿਆ ਹੈ। ਬਹੁਤੇ ਘਰਾਂ ਵਿੱਚੋਂ ਕੋਈ ਨਾ ਕੋਈ ਪ੍ਰਦੇਸ਼ ਚਲਾ ਗਿਆ ਹੈ। ਹੁਣ ਜੇਤੂਆਂ ਨੂੰ 51000/ ਰੁਪਏ ਨਗਦ, ਸੋਨੇ ਦੇ ਕੜੇ ਅਤੇ ਮੁੰਦਰੀਆਂ ਦਿੱਤੀਆਂ ਜਾਂਦੀਆਂ ਹਨ।

ਛਿੰਜ ਦੇ ਨਾਲ ਹੀ ਕਬੱਡੀ ਕੱਪ ਵੀ ਸ਼ੁਰੂ ਕੀਤਾ ਗਿਆ ਹੈ ਜਿੱਥੇ ਗਾਉਣ ਦਾ ਅਖਾੜਾ ਵੀ ਲਗਦਾ ਹੈ। ਵਿਦੇਸ਼ ਗਏ ਪਰਿਵਾਰ ਪਿੰਡ ਵਿੱਚ ਮੁਫਤ ਡਾਕਟਰੀ ਕੈਂਪ ਵੀ ਲਗਾਉਂਦੇ ਹਨ ਅਤੇ ਲੰਗਰ ਵੀ ਚੱਲਦੇ ਹਨ। ਹੁਣ ਤੋਂ ਸੱਠ ਸਾਲ ਪਹਿਲਾਂ ਪਿੰਡ ਵਿੱਚ ਇੱਕ ਹੀ ਗੁਰੂ ਘਰ ਸੀ, ਇੱਕੋ ਵੱਡਾ ਕਮਰਾ ਤੇ ਬਾਹਰ ਥੋੜ੍ਹਾ ਵਿਹੜਾ। ਸੰਗਰਾਂਦ ਵਾਲੇ ਦਿਨ ਦੀਵਾਨ ਸਜਦੇ ਸਨ ਕਿਉਂਕਿ ਉਸ ਦਿਨ ਬਲਦ ਨਹੀਂ ਜੋੜੇ ਜਾਂਦੇ ਸਨ। ਗ੍ਰੰਥੀ ਅਤੇ ਕੀਰਤਨ ਦੀ ਸੇਵਾ ਵੀ ਮੁਫਤ ਹੀ ਹੁੰਦੀ ਸੀ। ਪੈਸੇ ਬਹੁਤ ਘੱਟ ਲੋਕਾਂ ਕੋਲ ਹੁੰਦੇ ਸਨ। ਔਰਤਾਂ ਤਾਂ ਮੱਥਾ ਟੇਕਣ ਲਈ ਥਾਲੀ ਵਿੱਚ ਦਾਣੇ ਲੈ ਕੇ ਆਉਂਦੀਆਂ ਸਨ। ਲੋਕਾਂ ਵਿੱਚ ਸ਼ਰਧਾ ਸੀ ਅਤੇ ਰੱਬ ਦਾ ਡਰ ਭੈਅ ਸੀ। ਹੁਣ ਪਿੰਡ ਵਿੱਚ ਪੰਜ ਆਲੀਸ਼ਾਨ ਗੁਰੂ ਘਰ ਹਨ।

ਪਿੰਡ ਵਿੱਚ ਪਗੜੀ ਵਾਲਿਆਂ ਦੀ ਗਿਣਤੀ ਘਟ ਗਈ ਹੈ। ਉਦੋਂ ਜੇਕਰ ਕੋਈ ਮੁੰਡਾ ਭੈੜੀ ਸੰਗਤ ਵਿੱਚ ਪੈ ਕੇ ਕੇਸ ਕਟਵਾ ਲੈਂਦਾ ਸੀ ਤਾਂ ਘਰ ਵਿੱਚ ਲਾਹਨਤਾਂ ਪੈਂਦੀਆਂ ਸਨ ਤੇ ਭੁੱਲ ਬਖ਼ਸ਼ਾ ਕੇ ਮੁੜ ਕੇਸ ਰੱਖ ਲੈਂਦਾ ਸੀ। ਉਦੋਂ ਬਹੁਤੇ ਘਰ ਕੱਚੇ ਸਨ ਪਰ ਲੋਕੀਂ ਮਨ ਦੇ ਸੱਚੇ ਸਨ। ਇੱਕ ਦੂਜੇ ਦੇ ਕੰਮ ਆਉਣਾ ਧਰਮ ਸਮਝਿਆ ਜਾਂਦਾ ਸੀ। ਉਦੋਂ ਪਿੰਡ ਵਿੱਚ ਪੜ੍ਹੇ ਹੋਇਆਂ ਦੀ ਗਿਣਤੀ ਬਹੁਤ ਘੱਟ ਹੁੰਦੀ ਸੀ ਪਰ ਵਧੀਆ ਲਾਇਬ੍ਰੇਰੀ ਮੌਜੂਦ ਸੀ। ਹੁਣ ਪੜ੍ਹਿਆਂ ਲਿਖਿਆਂ ਦੀ ਗਿਣਤੀ ਤਾਂ ਚੋਖੀ ਹੈ ਪਰ ਲਾਇਬ੍ਰੇਰੀ ਨੂੰ ਸੰਭਾਲਣ ਵਾਲਾ ਕੋਈ ਨਹੀਂ ਹੈ। ਪਿੰਡ ਦੀਆਂ ਗਲ਼ੀਆਂ ਭੀੜੀਆਂ ਸਨ ਪਰ ਸੋਚਣੀ ਮੋਕਲੀ ਸੀ। ਹੁਣ ਤਾਂ ਗਲ਼ੀਆਂ ਵਿੱਚਲੇ ਬਹੁਤੇ ਘਰਾਂ ਨੂੰ ਤਾਲੇ ਲਗ ਗਏ ਹਨ। ਕੁੱਝ ਟੱਬਰ ਪ੍ਰਦੇਸਾਂ ਵਿੱਚ ਜਾ ਵਸੇ ਹਨ ਤੇ ਕੁੱਝ ਨੇ ਫਿਰਨੀਆਂ 'ਤੇ ਕੋਠੀਆਂ ਬਣਾ ਲਈਆਂ ਹਨ ਕਿਉਂਕਿ ਭੀੜੀਆਂ ਗਲ਼ੀਆਂ ਵਿੱਚ ਟ੍ਰੈਕਟਰ ਜਾਂ ਕਾਰ ਤਾਂ ਦੂਰ , ਮੋਟਰਸਾਈਕਲ ਵੀ ਸੌਖਾ ਨਹੀਂ ਲੰਘਦਾ।

ਹੁਣ ਇਸ ਪਿੰਡ ਨਾਲ ਇੱਕ ਹੋਰ ਪ੍ਰਸਿੱਧੀ ਜੁੜ ਗਈ ਹੈ। **ਵਿਸ਼ਵ ਬੈਂਕ ਦਾ ਚੇਅਰਮੈਨ ਸ. ਅਜੈਪਾਲ ਸਿੰਘ ਬੰਗਾ** ਇਸੇ ਪਿੰਡ ਦਾ ਹੈ। ਬੰਗਾ ਗੋਤ ਦੇ ਕੇਵਲ ਚਾਰ-ਪੰਜ ਘਰ ਹੀ ਹਨ ਪਰ ਉਨ੍ਹਾਂ ਨੇ ਵੱਡੀ ਪ੍ਰਾਪਤੀ ਕੀਤੀ ਹੈ। ਅਜੈਪਾਲ ਦੇ ਦਾਦਾ ਜੀ ਨੇ ਪਹਿਲੀ ਸੰਸਾਰ ਜੰਗ ਸਮੇਂ ਫ਼ੌਜ ਵਿੱਚ ਕਮਿਸ਼ਨ ਪ੍ਰਾਪਤ ਕੀਤਾ ਸੀ ਤੇ ਉਨ੍ਹਾਂ ਨੇ ਆਪਣੀ ਰਿਹਾਇਸ਼ ਜਲੰਧਰ ਸ਼ਹਿਰ ਵਿੱਚ ਰਖ ਲਈ ਸੀ। ਉਦੋਂ ਸਾਡਾ ਜ਼ਿਲ੍ਹਾ ਜਲੰਧਰ ਹੁੰਦਾ ਸੀ। ਉਂਝ ਸਾਡੇ ਪਿੰਡ ਤੋਂ ਨਵਾਂਸ਼ਹਿਰ, ਬੰਗਾ ਅਤੇ ਗੜ੍ਹਸ਼ੰਕਰ ਲਗਭੱਗ ਇੱਕੋ ਜਿਹੀ ਦੂਰੀ 'ਤੇ ਹਨ। ਬੰਗਾ ਤੋਂ ਗੜ੍ਹਸ਼ੰਕਰ ਜਾਣ ਵਾਲੀ ਸੜਕ ਤੋਂ ਕੋਈ ਦੋ ਕੁ ਕਿਲੋਮੀਟਰ ਉੱਤਰ ਵੱਲ ਪੈਂਦਾ ਸਾਡਾ ਪਿੰਡ ਨਵਾਂਸ਼ਹਿਰ ਜ਼ਿਲ੍ਹੇ ਦਾ ਆਖਰੀ ਪਿੰਡ ਹੈ। ਇਸ ਦੇ ਨਾਲ ਹੀ ਹੁਸ਼ਿਆਰਪੁਰ ਜ਼ਿਲ੍ਹਾ ਸ਼ੁਰੂ ਹੋ ਜਾਂਦਾ ਹੈ। ਅਜੈਪਾਲ ਸਿੰਘ ਦੇ ਪਿਤਾ ਜੀ ਵੀ ਫ਼ੌਜੀ ਜਰਨੈਲ ਸਨ। ਇੰਜ ਇਸ ਖਾਨਦਾਨ ਨੇ ਪਿੰਡ ਦਾ ਨਾਮ ਰੌਸ਼ਨ ਕੀਤਾ ਹੈ। ਪਿੰਡੋਂ ਬਾਹਰ ਨੌਕਰੀ ਕਰਨ ਵਾਲੇ ਬਹੁਤੇ ਫ਼ੌਜੀ ਹੀ ਸਨ। ਪਹਿਲੀ ਅਤੇ ਦੂਜੀ ਜੰਗ ਸਮੇਂ ਪਿੰਡੋਂ ਵੱਡੀ ਗਿਣਤੀ ਮੁੰਡੇ ਭਰਤੀ ਹੋਏ ਸਨ। ਇਸ ਪਿੰਡ ਦੇ **ਗੁਰਕ੍ਰਿਪਾਲ ਸੂਰਾਪੁਰੀ ਅਤੇ ਬਲਵਿੰਦਰ ਸੂਰਾਪੁਰੀ ਪ੍ਰਸਿੱਧ ਗਾਇਕ** ਹਨ। ਉਨ੍ਹਾਂ ਦਾ ਵੀ ਸਾਡੇ ਵਾਂਗ ਲਗਭੱਗ ਸਾਰਾ ਖਾਨਦਾਨ ਹੀ ਪਿੰਡ ਛੱਡ ਬੈਠਾ ਹੈ। ਉਸ ਦਾ ਚਾਚਾ ਅਮਰੀਕਾ ਰਹਿੰਦਾ ਵਧੀਆ

ਕਵਿਤਾਵਾਂ ਅਤੇ ਕਹਾਣੀਆਂ ਲਿਖਦਾ ਹੈ।

ਕੈਨੇਡਾ ਵਾਲੇ ਪਾਸੇ ਨਿਆਗਰਾ ਫ਼ਾਲ ਕੋਲ਼ ਹਰ ਵਰ੍ਹੇ ਪੰਜਾਬੀ ਮੇਲਾ ਲਗਾਉਣ ਵਾਲਾ **ਬਲਜਿੰਦਰ ਸਿੰਘ ਤੰਬੜ** ਵੀ ਇਸੇ ਪਿੰਡ ਦਾ ਹੈ। ਉਸ ਦਾ ਘਰ ਤੇ ਸਾਡਾ ਘਰ ਨਾਲੋਨਾਲ ਸਨ। ਇੰਗਲੈਂਡ, ਅਮਰੀਕਾ, ਕੈਨੇਡਾ, ਨਿਊਜ਼ੀਲੈਂਡ ਅਤੇ ਯੂਰੋਪ ਦੇ ਹੋਰ ਕਈ ਦੇਸ਼ਾਂ ਵਿੱਚ ਸੂਰਾਪੁਰੀਆਂ ਨੇ ਵਧੀਆ ਕਾਰੋਬਾਰ ਸਥਾਪਿਤ ਕਰ ਲਏ ਹਨ। ਪਿੱਛੇ ਰਹਿੰਦੇ ਪਰਿਵਾਰ ਪੜ੍ਹੇ ਲਿਖੇ ਹਨ ਤੇ ਵਧੀਆ ਖੇਤੀ ਕਰਦੇ ਹਨ। ਖੇਤੀ ਪੱਖੋਂ ਇਹ ਅਗਾਂਹਵਧੂ ਪਿੰਡ ਹੈ। ਇਸ ਸਾਲ ਪਿੰਡ ਵਿੱਚ ਕਿਸੇ ਵੀ ਪਰਾਲੀ ਨੂੰ ਅੱਗ ਨਹੀਂ ਲਗਾਈ ਸਗੋਂ ਖੇਤਾਂ ਵਿੱਚ ਹੀ ਰਲ਼ਾਈ ਹੈ।

ਇਸ ਪਿੰਡ ਦੇ ਲਾਗਲਾ ਪਿੰਡ ਭੌਰਾ ਹੈ। ਦੋਵਾਂ ਪਿੰਡਾਂ ਵਿਚਕਾਰ ਸਕੂਲ ਹੀ ਹੈ। ਇੱਥੋਂ ਦੇ **ਸਰਦਾਰ ਦਿਲਬਾਗ ਸਿੰਘ** ਇਸ ਹਲਕੇ ਤੋਂ ਐਮ.ਐਲ.ਏ ਰਹੇ ਅਤੇ ਖੇਤੀ ਮੰਤਰੀ ਦੀ ਕੁਰਸੀ ਉੱਤੇ ਬੈਠੇ ਸਵਰਗਵਾਸ ਹੋਏ ਸਨ। ਉਨ੍ਹਾਂ ਨੇ ਕਦੇ ਵੀ ਚੋਣ ਨਹੀਂ ਸੀ ਹਾਰੀ ਅਤੇ ਇਮਾਨਦਾਰੀ ਦੀ ਮਿਸਾਲ ਕਾਇਮ ਕੀਤੀ। ਇੱਥੋਂ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ **ਸਾਧੂ ਸਿੰਘ ਭੌਰਾ** ਸਨ। ਹੁਣ **ਪੰਜਾਬ ਦੇ ਸਿਹਤ ਮੰਤਰੀ ਡਾ.ਬਲਵੀਰ ਸਿੰਘ** ਇਸ ਪਿੰਡ ਦੇ ਹਨ। ਦੈਨਿਕ 'ਅਜੀਤ' ਅਖਬਾਰ ਦੇ ਮੋਢੀ **ਡਾ. ਸਾਧੂ ਸਿੰਘ ਹਮਦਰਦ** ਹੋਰਾਂ ਦਾ ਪਿੰਡ ਵੀ ਨਜ਼ਦੀਕ ਹੀ ਹੈ। ਇਸ ਪਿੰਡ ਦੇ ਅਸ਼ੋਕ ਭੌਰਾ ਨੇ ਪੱਤਰਕਾਰੀ ਵਿੱਚ ਚੰਗੀ ਥਾਂ ਬਣਾ ਲਈ ਹੈ। ਪਿੰਡ ਦੀ ਪੰਚਾਇਤ ਮਜ਼ਬੂਤ ਹੈ। ਵਧੀਆ ਪੰਚਾਇਤ ਘਰ ਤੇ ਮਾਰਕੀਟ ਹੈ। ਸਹਿਕਾਰੀ ਸਭਾ ਦੀ ਵੀ ਆਪਣੀ ਇਮਾਰਤ ਹੈ। ਪਿੰਡ ਵਿੱਚ ਡਾਕਟਰੀ ਸਹਾਇਤਾ ਦਾ ਪ੍ਰਬੰਧ ਹੈ। ਸੂਰਾਪੁਰ ਨੂੰ ਇੱਕ ਵਿਕਸਿਤ ਤੇ ਨਮੂਨੇ ਦਾ ਪਿੰਡ ਬਣਨ 'ਤੇ ਮਾਣ ਹੈ। -ਲੇਖਕ ਦੀ ਪੁਸਤਕ, "ਕੋਈ ਨਾਉ ਨਾ ਜਾਣੈ ਮੇਰਾ"(ਆਪ ਬੀਤੀਆਂ)ਵਿੱਚੋਂ। ਫੋਨ-9417087328

• ਸੈਣੀ ਬਰਾਦਰੀ ਦੇ ਅੰਤਰਰਾਸ਼ਟਰੀ ਪੱਧਰ ਦੇ ਖੇਤੀ ਵਿਗਿਆਨੀ ਅਤੇ ਲੇਖਕ ਡਾ.ਰਣਜੀਤ ਸਿੰਘ ਬਹੁਪੱਖੀ ਸਖ਼ਸ਼ੀਅਤ ਦੇ ਮਾਲਕ ਹਨ। ਆਪ ਦਾ ਜਨਮ 7 ਮਈ, 1942 ਨੂੰ ਐਸ.ਬੀ.ਐਸ.(ਨਵਾਂਸ਼ਹਿਰ) ਜ਼ਿਲ੍ਹੇ ਦੇ ਪਿੰਡ ਸੂਰਾਪੁਰ ਵਿੱਚ ਪਿਤਾ ਸ.ਜਸਵੰਤ ਸਿੰਘ ਅਤੇ ਮਾਤਾ ਸ਼੍ਰੀਮਤੀ ਜੋਗਿੰਦਰ ਕੌਰ ਦੇ ਮੱਧਵਰਗੀ ਕਿਸਾਨੀ ਪਰਿਵਾਰ ਵਿੱਚ ਹੋਇਆ। ਆਪ ਨੇ ਦਸਵੀਂ ਤੱਕ ਦੀ ਪੜ੍ਹਾਈ ਨਜ਼ਦੀਕੀ ਪਿੰਡ ਮਾਹਲ ਗਹਿਲਾਂ ਦੇ ਪਬਲਿਕ ਹਾਈ ਸਕੂਲ ਤੋਂ ਪਹਿਲੇ ਦਰਜੇ ਵਿੱਚ ਪਾਸ ਕੀਤੀ ਅਤੇ ਬੀ.ਐਸ.ਸੀ ਐਗਰੀਕਲਚਰ, ਐਮ.ਐਸ.ਸੀ ਐਗਰੀਚਲਚਰ ਤੇ ਪੀ. ਐਚ.ਡੀ ਦੀਆਂ ਡਿਗਰੀਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਹਾਸਲ ਕੀਤੀਆਂ। ਇਸ ਉਪਰੰਤ ਆਪ ਨੇ ਆਪਣੇ ਵਿਸ਼ੇ ਦੀ ਵਿਸ਼ੇਸ਼ ਪੜ੍ਹਾਈ ਅਮਰੀਕਾ ਵਿੱਚ ਇਥੀਕਾ ਕੋਰਨਲ ਯੂਨੀਵਰਸਿਟੀ ਤੋਂ ਕੀਤੀ। ਉੱਚਕੋਟੀ ਦੀ ਸਿੱਖਿਆ ਸਦਕਾ ਆਪ ਇਸ ਯੂਨੀਵਰਸਿਟੀ ਵਿੱਚ ਹੀ ਸਹਾਇਕ ਪ੍ਰੋਫੈਸਰ ਨਿਯੁਕਤ ਹੋ ਗਏ ਅਤੇ ਆਪਣੀ ਮਿਹਨਤ ਦੇ ਬਲਬੂਤੇ ਪ੍ਰੋਫੈਸਰ, ਡਾਇਰੈਕਟਰ ਸੰਚਾਰ ਕੇਂਦਰ ਜਿਹੇ ਅਹੁਦਿਆਂ ਤੱਕ ਪਹੁੰਚ ਕੇ ਅੰਤ ਡੀਨ ਖੇਤੀ ਕਾਲਜ ਦੇ ਮਾਣਮੱਤੇ ਅਹੁਦੇ ਤੋਂ ਸੇਵਾਮੁਕਤ ਹੋਏ। ਆਪ ਦੀ ਲਿਆਕਤ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਆਪ ਨੂੰ ਪ੍ਰੋਫੈਸਰ ਇਮਰੇਟਸ ਨਿਯੁਕਤ ਕਰ ਦਿੱਤਾ।

ਆਪ ਨੇ ਨੌਕਰੀ ਦੌਰਾਨ 52 ਅੰਤਰਰਾਸ਼ਟਰੀ ਸੰਮੇਲਨਾਂ ਵਿੱਚ ਭਾਗ ਲਿਆ ਅਤੇ 47 ਦੇਸ਼ਾਂ ਦੀ ਯਾਤਰਾ ਕੀਤੀ। ਆਪ ਦੀ ਵਿਸ਼ੇਸ਼ ਮੁਹਾਰਤ ਦੀ ਕਦਰ ਕਰਦਿਆਂ ਭਿੰਨ ਭਿੰਨ ਅੰਤਰਰਾਸ਼ਟਰੀ ਸੰਸਥਾਵਾਂ ਨੇ ਆਪ ਨੂੰ ਸਲਾਹਕਾਰ ਨਿਯੁਕਤ ਕੀਤਾ ਜਿਨ੍ਹਾਂ ਵਿੱਚ ਵਿਸ਼ਵ ਬੈਂਕ, ਅੰਤਰਰਾਸ਼ਟਰੀ ਝੋਨਾ ਖੋਜ ਕੇਂਦਰ ਫ਼ਿਲੀਪੀਨਜ਼, ਅੰਤਰਰਾਸ਼ਟਰੀ ਐਟਮੀ ਇਨਰਜੀ ਏਜੰਸੀ ਜਨੇਵਾ, ਯੂਰਪੀਅਨ ਯੂਨੀਅਨ ਅਤੇ ਇਰਾਕ ਸਰਕਾਰ ਸ਼ਾਮਲ ਹਨ। ਆਪ ਦੀ ਵਿਲੱਖਣ ਯੋਗਤਾ ਦੀ ਕਦਰ ਕਰਦਿਆਂ ਆਪ ਨੂੰ ਵੀਹ ਤੋਂ ਵੱਧ ਵਕਾਰੀ ਸਨਮਾਨ ਹਾਸਲ ਹੋਏ। ਇਨ੍ਹਾਂ ਵਿੱਚੋਂ;- ਭਾਰਤ ਸਰਕਾਰ ਦਾ ਕੌਮੀ ਪੁਰਸਕਾਰ, ਪੰਜਾਬ ਸਰਕਾਰ ਦਾ ਪ੍ਰਮਾਣ ਪੱਤਰ, ਸ਼੍ਰੋਮਣੀ ਸਾਹਿਤਕਾਰ, ਆਈ.ਈ.ਈ.ਐਸ.ਫੈਲੋਸ਼ਿਪ ਅਤੇ ਫੋਰਡ ਫ਼ਾਊਂਡੇਸ਼ਨ ਫੈਲੋਸ਼ਿਪ ਵਰਣਨਯੋਗ ਹਨ।

ਆਪ ਸਮਾਜਿਕ ਕੰਮਾਂ ਵਿੱਚ ਵੀ ਸਰਗਰਮ ਰਹਿੰਦੇ ਹਨ। ਇਸ ਮੰਤਵ ਲਈ ਉਹ ਵੀਹ ਤੋਂ ਵੱਧ ਸਭਾ/ ਸੁਸਾਇਟੀਆਂ ਦੇ ਮੈਂਬਰ ਹਨ। ਆਪ ਕੌਮੀ ਸਾਹਿਤ ਤੇ ਕਲਾ ਪ੍ਰੀਸ਼ਦ ਦੇ ਪ੍ਰਧਾਨ, ਪੰਜਾਬ ਬਾਲਗ ਸਿੱਖਿਆ ਸਭਾ, ਭਾਰਤੀ ਸੰਚਾਰ ਤਕਨੀਕੀ ਸਭਾ (ਪੰਜਾਬ ਇਕਾਈ), ਲੁਧਿਆਣਾ ਸਿਟੀਜ਼ਨ ਹੈਲਥ ਕੌਂਸਲ ਦੇ ਕਾਰਕੁਨ ਹਨ। ਆਪ ਨੇ ਸਾਹਿਤ ਦੇ ਖੇਤਰ ਵਿੱਚ ਸ਼ਲਾਘਾਯੋਗ ਕਾਰਜ ਕੀਤਾ ਹੈ। ਇਸ ਅਧੀਨ ਆਪ ਨੇ ਪੰਜਾਬੀ ਵਿੱਚ 28 ਅਤੇ ਅੰਗ੍ਰੇਜ਼ੀ ਵਿੱਚ 12 ਪੁਸਤਕਾਂ ਸਾਹਿਤ ਪ੍ਰੇਮੀਆਂ ਦੀ ਝੋਲੀ ਪਾਈਆਂ ਹਨ। ਇਨ੍ਹਾਂ ਤੋਂ ਇਲਾਵਾ ਆਪ ਨੇ 60 ਖੋਜ ਪੱਤਰ, ਅਖਬਾਰਾਂ ਲਈ 115 ਅੰਗ੍ਰੇਜ਼ੀ ਦੇ ਲੇਖ ਅਤੇ ਇੱਕ ਹਜ਼ਾਰ ਤੋਂ ਵੱਧ ਪੰਜਾਬੀ ਵਿੱਚ ਲੇਖ ਲਿਖੇ ਹਨ। ਆਪ ਨੇ ਕਿਸਾਨਾਂ ਨੂੰ ਖੇਤੀਬਾੜੀ ਬਾਰੇ ਸੇਧ ਦੇਣ ਲਈ 7 ਆਡੀਓ ਅਤੇ 13 ਕੈਸਟਾਂ ਤਿਆਰ ਕੀਤੀਆਂ ਹਨ।

## ਸ਼ਰਧਾਂਜਲੀ

ਕੈਨੇਡਾ ਦੇਸ਼ ਵਿੱਚ 8450 ਸੈਡਲ ਰਿੱਜ ਡਰਾਈਵ NE ਕੈਲਗਰੀ ਦੇ ਵਾਸੀ ਸਰਦਾਰ ਜਸਵੰਤ ਸਿੰਘ ਜਗੈਤ ਦੀ ਧਰਮ ਪਤਨੀ ਸ਼੍ਰੀਮਤੀ ਮਨਜੀਤ ਕੌਰ 30 ਅਪ੍ਰੈਲ 2025 ਨੂੰ ਅਕਾਲ ਚਲਾਣਾ ਕਰ ਗਏ ਹਨ।ਪ੍ਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ।



ਕੁਦਰਤ ਦੇ ਗੁੱਝੇ ਭੇਦ

# ਦੁਨੀਆਂ ਦਾ ਸਭ ਤੋਂ ਠੰਡਾ ਸ਼ਹਿਰ-ਯਾਕੂਤਕ

**ਡਾ. ਹਰਚਰਨ ਦਾਸ ਸੈਰ**
ਸੈਣੀ ਭਵਨ ਰੂਪਨਗਰ



ਧਰਤੀ ਦੇ ਉਤਰੀ ਧਰੁਵ ਦੁਆਲੇ ਆਂਕੇ ਗਏ ਆਰਕਟਿਕ ਚੱਕਰ ਤੋਂ 450 ਕਿਲੋਮੀਟਰ ਦੱਖਣ ਵੱਲ, ਰੂਸ ਦੇਸ਼ ਦੇ ਸਾਇਬੇਰੀਆ ਖੇਤਰ ਵਿੱਚ ਸਥਿਤ ਸ਼ਹਿਰ ਯਾਕੂਤਕ ਦੁਨੀਆਂ ਦਾ ਸਭ ਤੋਂ ਠੰਢਾ ਸ਼ਹਿਰ ਹੈ। ਇਹ ਜੰਮੀ ਹੋਈ ਬਰਫ਼ 'ਤੇ ਵਸਿਆ ਹੋਇਆ ਹੈ। ਜੰਮੇ ਹੋਏ ਦਰਿਆ ਲੇਨਾ ਦੇ ਕਿਨਾਰੇ, ਇਹ ਸ਼ਹਿਰ ਸਖਾ ਸੂਬੇ ਦੀ ਰਾਜਧਾਨੀ ਹੈ। ਇੱਥੇ ਔਸਤ ਦੈਨਿਕ ਤਾਪਮਾਨ -8 ਡਿਗਰੀ ਸੈਲਸੀਅਸ ਰਹਿੰਦਾ ਹੈ ਜੋ ਸਰਦੀਆਂ ਦੇ ਮਹੀਨਿਆਂ ਵਿੱਚ -20 ਡਿਗਰੀ ਹੋ ਜਾਂਦਾ ਹੈ। ਇੱਥੇ ਘੱਟ ਤੋਂ ਘੱਟ ਤਾਪਮਾਨ -64 ਡਿਗਰੀ ਰਿਕਾਰਡ ਕੀਤਾ ਜਾ ਚੁਕਾ ਹੈ। ਕਰੀਬ 312 ਫੁੱਟ ਦੀ ਉਚਾਈ 'ਤੇ ਸਥਿਤ 122 ਵਰਗ ਕਿਲੋਮੀਟਰ ਖੇਤਰਫਲ ਵਾਲੇ ਇਸ ਸ਼ਹਿਰ ਦੀ ਆਬਾਦੀ 3 ਲੱਖ 80 ਹਜ਼ਾਰ ਦੇ ਲੱਗਭੱਗ ਹੈ।

ਪੁਰਾਤਨ ਖੁਦਾਈ ਅਨੁਸਾਰ ਇੱਥੇ 25000-10000 ਸਾਲ ਪਹਿਲਾਂ ਯਾਕੂਤ ਕਬੀਲੇ ਦੇ ਲੋਕਾਂ ਨੇ ਪੈਰ ਧਰਿਆ ਅਤੇ 13ਵੀ-16ਵੀਂ ਸਦੀ ਤੱਕ ਇਸ ਦੀ ਵਸੋਂ ਹਜ਼ਾਰਾਂ ਵਿੱਚ ਹੋ ਗਈ। ਵਰਤਮਾਨ ਸ਼ਕਲ ਵਾਲਾ ਸ਼ਹਿਰ 1632 ਵਿੱਚ ਹੋਂਦ ਵਿੱਚ ਆਇਆ ਅਤੇ 1708 ਵਿੱਚ ਇਸ ਦਾ ਨਾਮ ਯਾਕੂਤਕ ਪ੍ਰਸਿੱਧ ਹੋਇਆ। ਇਹ ਪ੍ਰਸ਼ਾਂਤ ਮਹਾਂਸਾਗਰ ਤੋਂ 1000 ਕਿਲੋਮੀਟਰ ਦੀ ਦੂਰੀ 'ਤੇ ਹੈ। ਇੱਥੇ ਗਰਮੀਆਂ ਦੇ ਦਿਨਾਂ ਵਿੱਚ ਥੋੜ੍ਹਾ ਜਿਹਾ ਮੀਂਹ ਪੈਂਦਾ ਹੈ ਪਰ ਆਮ ਤੌਰ 'ਤੇ ਖੁਸ਼ਕ ਹੀ ਰਹਿੰਦਾ ਹੈ। ਇੱਥੇ 59% ਲੋਕ ਯਾਕੂਤ, 26.4% ਲੋਕ ਰੂਸੀ ਅਤੇ ਕੁੱਝ ਚੀਨੀ ਵੀ ਹਨ। ਬਹੁਤੇ ਲੋਕ ਆਰਥੋਡੈਕਸ ਕ੍ਰਿਸਚਿਐਨ ਧਰਮ ਨੂੰ ਮੰਨਣ ਵਾਲੇ ਅਤੇ ਕਾਫੀ ਗਿਣਤੀ ਨਾਸਤਿਕ ਵੀ ਹਨ। ਇੱਥੇ ਸਰਗਰਮ ਸੱਭਿਆਚਰਕ ਗਤੀਵਿਧੀਆਂ ਵਿੱਚ ਲੋਕ ਨਾਟਕ, ਗੀਤ-ਸੰਗੀਤ, ਨਾਚ ਅਤੇ ਖੇਡ ਕਿਰਿਆਵਾਂ ਵਿੱਚ ਘੋੜ ਦੌੜ ਅਤੇ ਹੋਰ ਇੰਨਡੋਰ ਖੇਡਾਂ ਹੁੰਦੀਆਂ ਹਨ। ਇੱਥੇ ਸਖਾਵੁੱਡ ਨਾਮ ਦੀ ਫਿਲਮ ਇੰਡਸਟਰੀ ਵੀ ਹੈ। ਦੁਨੀਆਂ ਦੇ ਪ੍ਰਸਿੱਧ ਅਜਾਇਬ ਘਰ ਅਤੇ ਥੀਏਟਰ ਇੱਥੇ ਸਥਾਪਿਤ ਹਨ। ਇੱਥੇ ਦੇ ਲੇਨਾ ਪਿਲਰਜ਼ ਨੇਚਰ ਪਾਰਕ, ਪਰਮਾਫਰੌਸਟ ਕਿੰਗਡਮ ਟੂਸਿਟ ਕੰਮਪਲੈਕਸ ਟੂਰਿਸਟਾਂ ਲਈ ਦੇਖਣਯੋਗ ਸਥਾਨ ਹਨ। ਲੇਨਾ ਦਰਿਆ ਵਿੱਚ ਗਰਮੀਆਂ ਦੌਰਾਨ ਚਲਦੀਆਂ ਕਿਸ਼ਤੀਆਂ ਅਤੇ ਫੈਰੀਆਂ ਵੀ ਮਨੋਰੰਜਨ ਦੇ ਸਾਧਨ ਹਨ।

ਕੋਲੇ, ਸੋਨੇ ਅਤੇ ਹੀਰੇ-ਜਵਾਹਰਾਤਾਂ ਦੀਆਂ ਖਾਣਾ ਤੋਂ ਇਸ ਸ਼ਹਿਰ ਦੀ ਆਮਦਨ ਦੇ ਮੁੱਖ ਸਾਧਨ ਹਨ। ਇਨ੍ਹਾਂ ਦੀ ਖੁਦਾਈ ਅਤੇ ਐਕਪੋਰਟ ਲਈ ਇੱਥੇ ਅੰਤਰਰਾਸ਼ਟਰੀ ਕੰਪਨੀਆਂ ਦੇ ਮੁੱਖ ਦਫ਼ਤਰ ਬਣੇ ਹੋਏ ਹਨ। ਇਥੇ ਮੀਟ ਅਤੇ ਡੇਅਰੀ ਉਤਪਾਦਾਂ ਦੀ ਭਰਮਾਰ ਹੈ ਜਿਨ੍ਹਾਂ ਨੂੰ ਵੇਚ ਕੇ ਸ਼ਹਿਰ ਦਾ ਖਰਚ ਚਲਾਇਆ ਜਾਂਦਾ ਹੈ। ਇਸ ਸ਼ਹਿਰ ਵਿੱਚ ਇੱਕ ਯੂਨੀਵਰਸਿਟੀ, ਰੂਸੀ ਅਕੈਡਮੀ ਆਫ਼ ਸਾਇੰਸਸ ਦੀ ਬਰਾਂਚ, ਕਾਸਮਿਕ ਕਿਰਨਾਂ ਦੀ ਖੋਜ ਲਈ ਇੱਕ ਰੇਐਕਟਰ ਅਤੇ ਯੂਨੈਸਕੋ ਤੋਂ ਸਹਾਇਤਾ-ਪ੍ਰਾਪਤ ਕਾਲਜ ਅਤੇ ਕਈ ਸਕੂਲ ਸਥਾਪਿਤ ਹਨ। ਇਸ ਸ਼ਹਿਰ ਦੇ ਰੂਸ ਦੇ ਦੂਜੇ ਸ਼ਹਿਰਾਂ ਨਾਲ ਸੰਪਰਕ ਲਈ ਯਾਕੂਤ ਹਵਾਈ ਅੱਡਾ ਹੈ ਜਿੱਥੋਂ ਯਾਕੂਤੀਆਂ ਏਅਰ ਕੰਪਨੀ ਦੇ ਜਹਾਜ਼ ਘਰੇਲੂ ਉਡਾਨਾਂ 'ਤੇ ਜਾਂਦੇ ਹਨ। ਇਸ ਤੋਂ ਇਲਾਵਾ ਇਸ ਸ਼ਹਿਰ ਨੂੰ ਰੇਲਵੇ ਲਿੰਕ ਰਾਹੀਂ ਵੀ ਰੂਸ ਦੇ ਹੋਰ ਸ਼ਹਿਰਾਂ ਨਾਲ ਜੋੜਿਆ ਗਿਆ ਹੈ। ਸਰਦੀਆਂ ਦੇ ਦਿਨਾਂ ਵਿੱਚ ਸੜਕੀ ਆਵਾਜਾਈ ਲਈ ਜੰਮੀ ਹੋਈ ਬਰਫ਼ 'ਤੇ ਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਲੇਨਾ ਦਰਿਆ 'ਤੇ ਪਹਿਲਾਂ ਕੋਈ ਪੁਲ ਨਹੀਂ ਸੀ ਪਰ ਹੁਣ ਇਸ ਦੀ ਉਸਾਰੀ ਦੀ ਯੋਜਨਾ ਹੈ। ਗੱਲ ਕੀ, ਇਸ ਸ਼ਹਿਰ ਦੇ ਵਸਨੀਕਾਂ ਨੇ ਅਤਿ ਦੀ ਸਰਦੀ ਵਿੱਚ ਆਧੁਨਿਕ ਤਕਨੀਕਾਂ ਨਾਲ ਜਿਉਣਾ ਸਿੱਖ ਲਿਆ ਹੈ।

## ਦੁਨੀਆਂ ਦਾ ਸਭ ਤੋਂ ਗਰਮ ਸਥਾਨ - ਲਟ ਮਾਰੂਥਲ

ਇਰਾਨ ਦੇ ਸੂਬਿਆਂ-ਕਰਮਨ ਅਤੇ ਸਿਸਤਾਂ-ਬਲੋਚਿਸਤਾਨ ਵਿੱਚ ਸਥਿਤ ਲਟ ਮਾਰੂਥਲ ਦੁਨੀਆਂ ਦਾ ਸਭ ਤੋਂ ਗਰਮ ਸਥਾਨ ਹੈ। ਇਸ ਦੀ ਧਰਾਤਲ ਦਾ ਤਾਪਮਾਨ ਆਮ ਹਾਲਤਾਂ ਵਿੱਚ 70.7 ਡਿਗਰੀ ਸੈਲਸੀਅਸ ਤੱਕ ਹੋ ਜਾਂਦਾ ਹੈ ਪਰ ਸੰਨ 2019 ਵਿੱਚ ਇੱਥੇ ਦਾ ਤਾਪਮਾਨ 80.83 ਰਿਕਾਰਡ ਕੀਤਾ ਗਿਆ ਸੀ ਜੋ ਕਿ ਹੁਣ ਤੱਕ ਧਰਤੀ ਦਾ ਸਭ ਤੋਂ ਵੱਧ ਤਾਪਮਾਨ ਹੈ। 51800 ਵਰਗ ਕਿਲੋਮੀਟਰ ਵਿੱਚ ਫੈਲੇ ਇਸ ਮਾਰੂਥਲ ਦੀ ਸਾਰੀ ਧਰਾਤਲ 'ਤੇ ਲੂਣ ਦੀਆਂ ਤਹਿਆਂ ਅਤੇ ਰੇਤ ਦੇ ਟਿੱਬੇ ਹਨ। ਇੱਕ ਅਧਿਐਨ ਮੁਤਾਬਕ ਇਸ ਦੀ ਧਰਾਤਲ ਦਾ ਅੱਧੇ ਤੋਂ ਵੱਧ ਹਿੱਸਾ ਜਵਾਲਾਮੁਖੀ ਚਟਾਨਾਂ ਨਾਲ ਢਕਿਆ ਹੋਇਆ ਹੈ। ਗਰਮੀਆਂ ਦੇ ਦਿਨਾਂ ਵਿੱਚ ਇੱਥੇ ਭਾਫ ਉਡਦੀ ਦੇਖੀ ਗਈ ਹੈ। ਮਾਨਸੂਨ ਦੇ ਸਿੱਲ੍ਹੇ ਮੌਸਮ ਦੌਰਾਨ ਇੱਥੇ ਕਰਮਨ ਪਹਾੜਾਂ ਤੋਂ ਪਾਣੀ ਹੇਠਾਂ ਵਗਦਾ ਹੈ ਪਰ ਇਹ ਜਲਦੀ ਹੀ ਸੁੱਕ ਜਾਂਦਾ ਹੈ ਅਤੇ ਖੁਸ਼ਕ ਚਟਾਨਾਂ, ਰੇਤਾ ਅਤੇ ਲੂਣ ਪਿਆ ਰਹਿ ਜਾਂਦਾ ਹੈ। ਲੂਣ ਦੀਆਂ ਤਹਿਆਂ ਨਾਲ ਢਕਿਆ ਇਸ ਮਾਰੂਥਲ ਦਾ ਪੂਰਬੀ ਭਾਗ ਨੀਵਾਂ ਹੈ ਜਦੋਂ ਕਿ ਕੇਂਦਰੀ ਭਾਗ ਹਨੇਰੀਆਂ ਦੁਆਰਾ ਬਣਾਏ ਉੱਚੇ-ਨੀਵੇਂ ਟਿੱਬਿਆਂ ਨਾਲ ਭਰਿਆ ਪਿਆ ਹੈ। ਇਸ ਖੇਤਰ ਦੀ ਧਰਤੀ ਕਈ ਥਾਵਾਂ 'ਤੇ ਨਿੱਗਰੀ ਹੋਈ ਅਤੇ ਖੱਡਾਂ ਵਾਲੀ ਹੈ। ਮਾਰੂਥਲ ਦਾ ਦੱਖਣੀ-ਪੂਰਬੀ ਭਾਗ ਰੇਤ ਦੇ ਉੱਚੇ ਉੱਚੇ ਟਿੱਬਿਆਂ ਵਾਲਾ ਵਿਸ਼ਾਲ ਧਰਾਤਲ ਹੈ।

ਖੁਦਾਈ ਤੋਂ ਪਤਾ ਲਗਦਾ ਹੈ ਕਿ 2500 ਬੀ.ਸੀ. ਦੇ ਕਰੀਬ ਇੱਥੇ ਖੁਸ਼ਹਾਲ ਸੱਭਿਅਤਾ ਮੌਜੂਦ ਸੀ ਜਿਸ ਦਾ ਪੁਰਾਣਾ ਸ਼ਹਿਰ ਸ਼ਾਹਦਾਦ ਇਸ ਦੇ ਪੱਛਮੀ ਕਿਨਾਰੇ 'ਤੇ ਸਥਿਤ ਸੀ ਅਤੇ ਪੂਰਬੀ ਪਾਸੇ ਹੁਣ ਸੁੱਕ ਗਏ ਦਰਿਆ ਹੈਲਮੰਡ ਕਿਨਾਰੇ ਪੁਰਾਤਨ ਸ਼ਹਿਰ ਸ਼ਹਰ-ਏ ਸੁਖਤੇਹ ਜਾਂ ਸੜਿਆ ਸ਼ਹਿਰ ਸਥਿਤ ਸੀ। ਇੱਥੇ ਕੋਈ ਆਬਾਦੀ ਨਹੀਂ ਹੈ।

# ਲੋੜਵੰਦਾਂ ਦਾ ਮਸੀਹਾ - ਤਰਸੇਮ ਸੈਣੀ

ਦਲਜੀਤ ਸਿੰਘ
ਸੈਣੀ ਭਵਨ ਰੂਪਨਗਰ



ਅਜੋਕੇ ਸਮੇਂ ਬਹੁਤੇ ਅਜਿਹੇ ਵਿਅਕਤੀ ਹਨ ਜਿਹੜੇ ਆਪਣੀ ਸ਼ਕਤੀ ਤੇ ਸਮੇਂ ਨੂੰ ਨਿਜੀ ਲਾਭਾਂ ਲਈ ਵਰਤਦੇ ਹਨ। ਉਹ ਆਪਣੀ ਗਰਜ਼ ਲਈ ਰਾਜਨੀਤਿਕ ਨੇਤਾਵਾਂ ਦੇ ਮਗਰ ਮਗਰ ਫਿਰਦੇ ਹਨ। ਕਈ ਵਾਰ ਤਾਂ ਉਹ ਦੂਜਿਆਂ ਦਾ ਨੁਕਸਾਨ ਕਰਵਾ ਕੇ ਵੀ ਆਪਣਾ ਸਵਾਰਥ ਪੂਰਾ ਕਰਦੇ ਹਨ। ਪਰ ਸ੍ਰੀ ਤਰਸੇਮ ਸੈਣੀ ਅਜਿਹੀ ਸਖਸ਼ੀਅਤ ਹੈ ਜਿਸ ਨੇ ਰਾਜਸੀ ਨੇਤਾਵਾਂ ਨਾਲ ਆਪਣੀ ਰਾਜਨੀਤਿਕ ਨੇੜਤਾ ਨੂੰ ਆਪਣੇ ਭਾਈਚਾਰੇ ਦੇ ਭਲੇ ਲਈ ਵਰਤਿਆ। ਆਪ ਸੈਣੀ ਭਵਨ ਰੂਪਨਗਰ ਦੇ ਟਰੱਸਟੀ ਹਨ।

ਇਸ ਸੰਸਥਾ ਦੇ ਪ੍ਰਬੰਧਕ ਸੈਣੀ ਬਰਾਦਰੀ ਦੀਆਂ ਸਮੱਸਿਆਵਾਂ ਅਤੇ ਹੱਕੀ ਮੰਗਾਂ ਪ੍ਰਤਿ ਹਰ ਵਕਤ ਸਰਗਰਮ ਰਹਿੰਦੇ ਹਨ। ਸਾਲ 2015-16 ਵਿੱਚ ਇਹ ਮਹਿਸੂਸ ਕੀਤਾ ਗਿਆ ਕਿ ਸੈਣੀ ਬਰਾਦਰੀ ਵਿੱਚ ਅਜਿਹੇ ਲੋਕਾਂ ਦੀ ਬਹੁਤਾਤ ਹੈ ਜਿਹੜੇ ਔਖੇ ਸੌਖੇ ਆਪਣੇ ਬੱਚਿਆਂ ਨੂੰ ਪੜ੍ਹਾ ਤਾਂ ਦਿੰਦੇ ਹਨ ਪਰ ਗਰੀਬੀ ਦੀ ਮਜ਼ਬੂਰੀ ਕਾਰਨ ਉਨ੍ਹਾਂ ਨੂੰ ਕਿਸੇ ਚੰਗੀ ਨੌਕਰੀ 'ਤੇ ਨਹੀਂ ਲਗਵਾ ਸਕਦੇ ਜਦੋਂਕਿ ਉੱਨੀ ਹੀ ਵਿੱਦਿਅਕ ਯੋਗਤਾ ਵਾਲੇ ਕੁੱਝ ਹੋਰ ਪਛੜੀਆਂ ਜਾਤਾਂ ਦੇ ਨੌਜਵਾਨ ਰਿਜ਼ਰਵੇਸ਼ਨ ਕਰ ਕੇ ਵਧੀਆ ਨੌਕਰੀਆਂ 'ਤੇ ਤਾਇਨਾਤ ਹੋ ਜਾਂਦੇ ਹਨ। ਇਸ ਲਈ ਪ੍ਰਬੰਧਕਾਂ ਨੇ ਸੈਣੀ ਬਰਾਦਰੀ ਨੂੰ ਪਛੜੀਆਂ ਸ੍ਰੇਣੀਆਂ ਵਿੱਚ ਦਰਜ ਕਰਵਾਉਣ ਦਾ ਕਠਿਨ ਕਾਰਜ ਆਪਣੇ ਹੱਥਾਂ ਵਿੱਚ ਲਿਆ। ਇਸ ਕਾਰਜ ਲਈ ਕਿਸੇ ਅਜਿਹੇ ਵਿਅਕਤੀ ਦੀ ਲੋੜ ਸੀ ਜਿਸ ਦੀ ਰਾਜਨੀਤਿਕ ਨੇਤਾਵਾਂ ਨਾਲ ਨੇੜਤਾ ਹੋਵੇ। ਇਸ ਵਿੱਚ ਸ੍ਰੀ ਤਰਸੇਮ ਸੈਣੀ ਨੇ ਮੁੱਖ ਭੂਮਿਕਾ ਨਿਭਾਈ। ਉਨ੍ਹਾਂ ਨੇ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਨਾਲ ਲੈ ਕੇ ਉਸ ਸਮੇਂ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕਰਵਾਈ। ਸਭ ਨੂੰ ਬੜੀ ਹੈਰਾਨੀ ਹੋਈ ਜਦੋਂ ਮੁੱਖ ਮੰਤਰੀ ਜੀ ਨੇ ਬਹੁਤ ਠਰ੍ਹਮੇ ਨਾਲ ਗੱਲ ਸੁਣੀ ਅਤੇ ਲੋੜੀਂਦੀ ਕਾਰਵਾਈ ਕਰਨ ਦਾ ਵਿਸ਼ਵਾਸ ਦਿਵਾਇਆ। ਸ਼੍ਰੀ ਸੈਣੀ ਜੀ ਨੇ ਮੁੱਖ ਮੰਤਰੀ ਦਫ਼ਤਰ ਵਿੱਚ ਆਪਣੀ ਵਾਕਫ਼ੀਅਤ ਸਦਕਾ ਇਸ ਕੰਮ ਵਿੱਚ ਤੇਜ਼ੀ ਲਿਆਂਦੀ ਅਤੇ 12 ਸਤੰਬਰ, 2016 ਨੂੰ ਸੈਣੀ ਬਰਾਦਰੀ ਨੂੰ ਪਛੜੀਆਂ ਸ੍ਰੇਣੀਆਂ ਵਿੱਚ ਦਰਜ ਕਰਨ ਦਾ ਪੱਤਰ ਜਾਰੀ ਹੋ ਗਿਆ। ਬਰਾਦਰੀ ਦੇ ਕੁੱਝ ਅਖੌਤੀ ਸਰਮਾਏਦਾਰਾਂ ਨੇ ਇਸ ਪ੍ਰਾਪਤੀ ਦੀ ਕਰੜੀ ਆਲੋਚਨਾ ਵੀ ਕੀਤੀ ਪਰ ਇਸ ਨੇਕ ਕੰਮ ਦੀ ਕਮਜ਼ੋਰ ਵਰਗ ਦੇ ਲੋਕਾਂ ਨੇ ਭਰਪੂਰ ਪ੍ਰਸ਼ੰਸਾ ਕੀਤੀ। ਹੁਣ ਸਾਰੇ ਸੈਣੀ ਬਰਾਦਰੀ ਦੇ ਲੋਕ ਸਮੇਤ ਆਲੋਚਕਾਂ ਦੇ ਇਸ ਸਹੂਲਤ ਦਾ ਲਾਭ ਲੈ ਰਹੇ ਹਨ। ਇਹ ਕੇਵਲ ਤਰਸੇਮ ਸੈਣੀ ਜੀ ਦੀ ਰਾਜਨੀਤਿਕ ਨੇੜਤਾ ਕਾਰਨ ਹੀ ਸੰਭਵ ਹੋ ਸਕਿਆ।


ਰੂਪਨਗਰ ਸ਼ਹਿਰ ਦੇ ਬਿਲਕੁਲ ਨਾਲ ਲਗਦੇ ਪਿੰਡ ਸ਼ਾਮਪੁਰਾ ਦੇ ਮੱਧਵਰਗੀ ਪਰਿਵਾਰ ਵਿੱਚ ਸ. ਹਰਭਜਨ ਸਿੰਘ ਅਤੇ ਸ਼੍ਰੀਮਤੀ ਵਿੱਦਿਆ ਵੰਤੀ ਦੇ ਘਰ 1962 ਵਿੱਚ ਜਨਮੇ ਸ਼੍ਰੀ ਤਰਸੇਮ ਸੈਣੀ ਨੇ ਆਪਣੀ ਸਕੂਲੀ ਪੜ੍ਹਾਈ ਸੰਗਰੂਰ ਜ਼ਿਲ੍ਹੇ ਦੇ ਪਿੰਡ ਰਾਏ ਧਰਾਵਾਂ ਵਿੱਚ ਪੂਰੀ ਕੀਤੀ ਜਿੱਥੇ ਆਪ ਦੇ ਪਿਤਾ ਜੀ ਨਹਿਰੀ ਪਟਵਾਰੀ ਸਨ। ਇਸ ਉਪਰੰਤ ਆਪ ਨੇ 1979 ਵਿੱਚ ਪਟਿਆਲਾ ਦੇ ਆਈ.ਟੀ.ਆਈ.ਕਾਲਜ ਤੋਂ ਡਰਾਫਟਮੈਨ ਇੰਨ ਸਿਵਲ ਦਾ ਕੋਰਸ ਕਰ ਲਿਆ। ਇਸ ਗਿਆਨ ਨੂੰ ਉਨ੍ਹਾਂ ਨੇ ਪਟਿਆਲਾ ਵਿਖੇ ਨਵੀਆਂ ਰਿਹਾਇਸ਼ੀ ਕਾਲੋਨੀਆਂ ਡਿਜ਼ਾਇਨ ਕਰਨ ਲਈ ਵਰਤਿਆ ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੀ ਕਾਲੋਨਾਈਜ਼ਰ ਖੇਤਰ ਵਿੱਚ ਧਾਂਕ ਜੰਮ ਗਈ। ਕੁੱਝ ਸਮੇਂ ਬਾਅਦ ਇਸ ਖੇਤਰ ਵਿੱਚ ਗਿਰਾਵਟ ਆ ਗਈ ਤਾਂ ਉਨ੍ਹਾਂ ਨੇ ਰਾਈਸ ਸ਼ੈਲਰ ਕਾਰੋਬਾਰ ਵਿੱਚ ਪੈਰ ਰੱਖਿਆ। ਆਪ ਨੇ ਇਸ ਖੇਤਰ ਵਿੱਚ ਕਾਰੋਬਾਰੀਆਂ ਦੇ ਹੱਕਾਂ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ਜਿਸ ਕਾਰਨ ਉਨ੍ਹਾਂ ਨੂੰ 1991 ਵਿੱਚ ਪਟਿਆਲਾ ਰਾਈਸ ਮਿੱਲਰਜ਼ ਐਸੋਸੀਏਸ਼ਨ ਦਾ ਮੈਂਬਰ ਅਤੇ 1993-94 ਵਿੱਚ ਇਸ ਦਾ ਪ੍ਰਧਾਨ ਬਣਾ ਦਿੱਤਾ ਗਿਆ। ਇਸ ਦੌਰਾਨ ਆਪ ਨੇ ਐਚ.ਐਸ.ਰਾਈਸ ਐਂਡ ਜਨਰਲ ਮਿਲਜ਼ ਸਥਾਪਿਤ ਕਰ ਲਈ। ਆਪ ਦੀ ਮਿਹਨਤ ਅਤੇ ਦਿਆਨਤਦਾਰੀ ਸਦਕਾ ਆਪ ਨੂੰ 1998 ਵਿੱਚ ਪੰਜਾਬ ਰਾਈਸ ਮਿੱਲਰਜ਼ ਐਸੋਸੀਏਸ਼ਨ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਨਾਲ ਪੰਜਾਬ ਦੇ ਆੜ੍ਹਤੀਆਂ ਅਤੇ ਪੱਲੇਦਾਰਾਂ ਨਾਲ ਉਨ੍ਹਾਂ ਦਾ ਨੇੜਲਾ ਸਬੰਧ ਸਥਾਪਿਤ ਹੋ ਗਿਆ।



ਸ੍ਰੀ ਤਰਸੇਮ ਸੈਣੀ ਨੇ ਮਿੱਲਰਜ਼ ਦੀਆਂ ਜਾਇਜ਼ ਮੰਗਾਂ ਦੀ ਪੂਰਤੀ ਲਈ ਸਿਆਸਤਦਾਨਾਂ ਅਤੇ ਸਰਕਾਰੀ ਅਫਸਰਾਂ ਨਾਲ ਆਢਾ ਲਾਇਆ ਜਿਸ ਨਾਲ ਇਸ ਕਾਰੋਬਾਰ ਨੇ ਪੰਜਾਬ ਵਿੱਚ ਬਹੁਤ ਤਰੱਕੀ ਕੀਤੀ। ਭਾਰਤ ਦੇ ਦੂਜੇ ਸੂਬੇ ਦੇ ਸ਼ੈਲਰ ਕਾਰੋਬਾਰੀਆਂ ਨੇ ਵੀ ਪੰਜਾਬ ਤੋਂ ਸਬਕ ਲੈਂਦਿਆਂ ਆਪਣੀਆਂ ਸਰਕਾਰਾਂ ਤੋਂ ਆਪਣੀਆਂ ਮੰਗਾਂ ਮਨਵਾਉਣ ਵਿੱਚ ਸਫ਼ਲਤਾ ਹਾਸਲ ਕੀਤੀ ਜਿਸ ਵਿੱਚ ਸੈਣੀ ਸਾਹਿਬ ਨੇ ਉਨ੍ਹਾਂ ਦੀ ਪੂਰੀ ਮਦਦ ਕੀਤੀ। ਇਸ ਦੇ ਨਤੀਜੇ ਵਜੋਂ ਆਪ ਸਾਰੇ ਭਾਰਤ ਵਿੱਚ ਇੱਕ ਮਜ਼ਬੂਤ ਆਗੂ ਵਜੋਂ ਜਾਣੇ ਜਾਣ ਲੱਗੇ। ਇਸ ਲਈ ਸੰਨ 2005 ਵਿੱਚ ਆਪ ਨੂੰ ਆਲ ਇੰਡੀਆ ਰਾਈਸ ਮਿੱਲਰਜ਼ ਐਸੋਸੀਏਸ਼ਨ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ।

ਇਸ ਸਮੇਂ ਆਪ ਪਟਿਆਲਾ ਵਿਖੇ 'ਸੈਣੀ ਫਿਲਿੰਗ ਸਟੇਸ਼ਨ'

ਬਾਕੀ ਸਫ਼ਾ 39 'ਤੇ......



# ਸਰਕਾਰਾਂ ਦੀ ਗੈਰ-ਸਰਕਾਰੀ ਸੰਸਥਾਵਾਂ ਪ੍ਰਤੀ ਬੇਰੁਖੀ

ਜਸਵੰਤ ਸਿੰਘ ਸੈਣੀ
ਰੂਪਨਗਰ

ਹਰ ਮੁਲਕ ਦਾ ਰਾਜ ਪ੍ਰਬੰਧ ਉੱਥੋਂ ਦੇ ਕਾਨੂੰਨ ਮੁਤਾਬਿਕ ਸਥਾਪਿਤ ਸਾਸ਼ਨ ਤੇ ਪ੍ਰਸਾਸ਼ਨ ਰਾਹੀਂ ਚਲਾਇਆ ਜਾਂਦਾ ਹੈ। ਦੇਸ਼ ਦੇ ਸਾਰੇ ਕੰਮ ਕਾਜ ਸੁਚਾਰੂ ਢੰਗ ਨਾਲ ਚਲਾਉਣ ਲਈ ਇਹ ਦੋਵੇਂ ਆਪਣੀ ਯੋਗਤਾ ਅਤੇ ਸਮਰੱਥਾ ਅਨੁਸਾਰ ਕੰਮ ਕਰਦੇ ਹਨ। ਇਸ ਮਕਸਦ ਲਈ ਦੇਸ਼ ਦੇ ਨਾਗਰਿਕਾਂ ਤੋਂ ਟੈਕਸਾਂ ਰਾਹੀ ਮਿਲੀ ਧਨ ਰਾਸ਼ੀ ਤੋਂ ਸਾਰੇ ਕੰਮ ਬਾਖੂਬੀ ਚਲਾਏ ਜਾ ਸਕਦੇ ਹਨ। ਸਰਕਾਰ ਦਾ ਵਿਸਤ੍ਰਿਤ ਅਮਲਾ ਫੈਲਾ ਵੱਖ ਵੱਖ ਕੰਮਾਂ 'ਤੇ ਤੈਨਾਤ ਹੁੰਦਾ ਹੈ ਜਿਹੜਾ ਕਿ ਪਰਜਾ ਦੀ ਬਿਹਤਰੀ ਅਤੇ ਭਲਾਈ ਲਈ ਸਰਕਾਰ ਦੇ ਤੈਅ ਪ੍ਰੋਗਰਾਮ ਅਨੁਸਾਰ ਅਪਣੇ ਫਰਜ਼ ਨਿਭਾਉਂਦਾ ਹੈ। ਭਾਵੇਂ ਕਿ ਸਾਰੇ ਕੰਮ ਮਿੱਥੇ ਟੀਚੇ ਅਨੁਸਾਰ ਪੂਰੇ ਕਰਨ ਦੇ ਪ੍ਰਯਤਨ ਹੁੰਦੇ ਹਨ ਪਰੰਤੂ ਫਿਰ ਵੀ ਕਿਤੇ ਕਿਤੇ ਕੁੱਝ ਕਮੀਆਂ ਰਹਿ ਸਕਦੀਆਂ ਹਨ। ਲੋਕ ਭਲਾਈ ਜਾਂ ਮਾਨਵੀ ਹਿੱਤਾਂ ਦੀ ਪਹਿਰੇਦਾਰੀ ਲਈ ਇਹ ਮਹਿਸੂਸ ਹੁੰਦਾ ਹੈ ਕਿ ਆਮ ਨਾਗਰਿਕ ਵੀ ਸਰਕਾਰੀ ਪ੍ਰਬੰਧਨ ਨੂੰ ਸਹਿਯੋਗ ਦੇਣ। ਸਰਕਾਰ ਦੀ ਮਦਦ ਲਈ ਸਵੈ-ਸੇਵੀ ਸੰਸਥਾਵਾਂ ਜਾਂ ਵਲੰਟੀਅਰਾਂ ਦੀਆਂ ਟੀਮਾਂ ਕਾਰਗਰ ਸਾਬਤ ਹੁੰਦੀਆਂ ਹਨ।

ਗੈਰਸਰਕਾਰੀ ਸੰਸਥਾਵਾਂ ਲੋਕਤੰਤਰੀ ਢਾਂਚੇ ਦਾ ਹੀ ਹਿੱਸਾ ਹੁੰਦੀਆਂ ਹਨ। ਜਮਹੂਰੀ ਨਜ਼ਾਮ ਵਾਲੇ ਹਰ ਮੁਲਕ ਵਿੱਚ ਸਰਕਾਰੀ ਮਸ਼ੀਨਰੀ ਤੋਂ ਇਲਾਵਾ ਗੈਰਸਰਕਾਰੀ ਸੰਸਥਾਵਾਂ ਨੂੰ ਵੀ ਖਾਸ ਥਾਂ ਦਿੱਤੀ ਹੋਈ ਹੈ। ਬਹੁਤੀ ਵਾਰ ਭਿੰਨ-ਭਿੰਨ ਪ੍ਰਕਾਰ ਦੇ ਕੁੱਝ ਕੰਮ ਸਰਕਾਰਾਂ ਬਖੂਬੀ ਨਹੀਂ ਨਿਭਾ ਸਕਦੀਆਂ ਹੁੰਦੀਆਂ ਜਾਂ ਸਰਕਾਰ ਵੱਲੋਂ ਉਨ੍ਹਾਂ ਨੂੰ ਤਰਜੀਹ ਨਹੀ ਦਿੱਤੀ ਜਾਂਦੀ ਉੱਥੇ ਗੈਰਸਰਕਾਰੀ ਸੰਸਥਾਵਾਂ ਜਾਂ ਸਵੈਸੇਵੀ ਵਰਕਰ ਜਾਂ ਗਰੁੱਪ ਕਾਰਗਾਰ ਸਾਬਤ ਹੁੰਦੇ ਹਨ। ਇਹ ਹੀ ਕਾਰਣ ਹੈ ਕਿ ਅਮਰੀਕਾ ਜਿਹੇ ਵਿਕਸਿਤ ਮੁਲਕ ਵਿੱਚ ਵੀ ਲਗਭੱਗ ਪੰਦਰਾਂ ਲੱਖ ਗੈਰ ਸਰਕਾਰੀ ਸੰਸਥਾਵਾਂ ਕੰਮ ਕਰਦੀਆਂ ਹਨ। ਰੂਸ ਵਿੱਚ ਵੀ ਤਿੰਨ ਲੱਖ ਦੇ ਕਰੀਬ ਐੱਨਜੀਓਜ਼ ਹਨ। ਭਾਰਤ ਦੇਸ਼ ਵਿੱਚ ਸਵੈ-ਸੇਵੀ ਟੀਮਾਂ ਜਾਂ ਗੈਰ ਸਰਕਾਰੀ ਸੰਸਥਾਵਾਂ ਦੀ ਗਿਣਤੀ ਤੀਹ ਲੱਖ ਦੇ ਕਰੀਬ ਹੈ ।

ਗੈਰਸਰਕਾਰੀ ਸੰਸਥਾਵਾਂ ਦੇ ਹੋਂਦ ਵਿੱਚ ਆਉਣ ਦੇ ਮੁੱਖ ਕਾਰਨਾਂ ਵਿੱਚੋਂ ਪਹਿਲਾ ਵੱਡਾ ਕਾਰਨ ਇਹ ਹੈ ਕਿ ਲੋਕਰਾਜੀ ਪ੍ਰਣਾਲੀ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸੱਤਾਆਸੀਨ ਸਾਸ਼ਕ ਦੀ ਨਿੱਜੀ ਜਾਇਦਾਦ ਨਹੀਂ ਹੋਇਆ ਕਰਦੀ ਸਗੋਂ ਲੋਕਤੰਤਰੀ ਨਜ਼ਾਮ ਤਾਂ ਸਭ ਦਾ ਸਾਂਝਾ ਹੁੰਦਾ ਹੈ ਅਤੇ ਸਾਰੇ ਕੰਮ ਮਿਲ ਜੁਲ ਕੇ ਹੋਇਆ ਕਰਦੇ ਹਨ। ਲੋਕਰਾਜੀ ਨਜ਼ਾਮ ਸਭ ਵਾਸਤੇ ਅਤੇ ਸਾਰਿਆਂ ਰਾਹੀਂ ਚਲਦਾ ਹੈ। ਸਰਕਾਰੀ ਢਾਂਚਾ ਤਾਂ ਸਾਰੇ ਦੇਸ਼ਵਾਸੀਆਂ ਲਈ ਸੁਚਾਰੂ ਢੰਗ ਨਾਲ ਕੰਮ ਚਲਾਉਣ ਦਾ ਮਾਧਿਅਮ ਹੁੰਦਾ ਹੈ ਅਤੇ ਜੇਕਰ ਆਮ ਸ਼ਹਿਰੀ ਨਿੱਜੀ ਤੌਰ ਤੇ ਜਾਂ ਸੰਸਥਾ ਦੇ ਰੂਪ ਵਿੱਚ ਸਰਕਾਰ ਦੇ ਕੰਮ ਕਾਜ ਵਿੱਚ ਹੱਥ ਵਟਾਉਂਦਾ ਹੈ ਤਾਂ ਇਸ ਵਿੱਚ ਕੁੱਝ ਵੀ ਮਾੜਾ ਨਹੀ। ਦੇਸ਼ ਨੂੰ ਚਲਾਉਣ ਦੀ ਸਾਰੀ ਤਾਕਤ ਹੁਕਮਰਾਨਾਂ ਤੱਕ ਹੀ ਸੀਮਿਤ ਨਹੀ ਹੁੰਦੀ ਸਗੋਂ ਵੱਖ-ਵੱਖ ਅੰਗਾਂ ਵਿੱਚ ਵੰਡੀ ਹੋਈ ਹੁੰਦੀ ਹੈ। ਜੇਕਰ ਦੇਸ਼ ਦੀ ਵਿਵਸਥਾ ਸੁਚਾਰੂ ਰੂਪ ਵਿੱਚ ਸੱਤਾਆਸੀਨ ਆਗੂ ਚਲਾਉਣ ਵਿੱਚ ਨਾਕਾਮ ਰਹਿੰਦੇ ਹਨ ਤਾਂ ਜਮਹੂਰੀ ਮੁਲਕ ਦੇ ਲੋਕ ਉਨ੍ਹਾਂ ਆਗੂਆਂ ਨੂੰ ਬਦਲਣ ਦੀ ਸ਼ਕਤੀ ਰੱਖਦੇ ਹਨ। ਦੇਸ਼ ਦੇ ਦਿਹਾਤੀ ਖੇਤਰਾਂ ਵਿੱਚ ਗਰਾਮ ਪੰਚਾਇਤਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਸਥਾਨਕ ਸਵਰਾਜ ਦੇ ਅਹੁਦੇਦਾਰ ਲੋਕਤੰਤਰੀ ਭਾਵਨਾ ਦੇ ਤਹਿਤ ਹੀ ਕੰਮ ਕਰਦੇ ਹਨ। ਪਰੰਤੂ ਇਸ ਸਭ ਕੁੱਝ ਦੇ ਬਾਵਜੂਦ ਵੀ ਬਹੁਤ ਸਾਰੀਆਂ ਜ਼ਰੂਰੀ ਗੱਲਾਂ ਅਜਿਹੀਆਂ ਰਹਿ ਜਾਂਦੀਆਂ ਹਨ ਜਿੱਥੇ ਗੈਰਸਰਕਾਰੀ ਸੰਸਥਾਵਾਂ ਮਹੱਤਵਪੂਰਨ ਕੰਮ ਕਰਕੇ ਲੋਕਰਾਜੀ ਨਜ਼ਾਮ ਦੇ ਪ੍ਰਦਰਸ਼ਨ ਦਾ ਭਰਵਾਂ ਹੁੰਗਾਰਾ ਭਰਦੀਆਂ ਹਨ।

ਗੈਰਸਰਕਾਰੀ ਸੰਸਥਾਵਾਂ ਦੀ ਹੋਂਦ ਦੇ ਕੁੱਝ ਹੋਰ ਵੀ ਵੱਡੇ ਕਾਰਨ ਹਨ ਜਿਨ੍ਹਾਂ ਦਾ ਅਸ਼ੀਂ ਸੰਖੇਪ ਵਿੱਚ ਜਿਕਰ ਕਰਨਾ ਚਾਹਵਾਂਗੇ। ਸਰਕਾਰਾਂ ਨੇ ਦੇਸ਼ ਦੇ ਕਾਇਦੇ ਕਾਨੂੰਨ ਅਨੁਸਾਰ ਕੰਮ ਕਰਨਾ ਹੁੰਦਾ ਹੈ ਅਤੇ ਲੋੜੀਂਦੀ ਵਿਧੀ ਵਿਧਾਨ ਲਾਗੂ ਕਰਨ ਵਿੱਚ ਕਈ ਵੇਰਾਂ ਦੇਰੀ ਹੋ ਜਾਂਦੀ ਹੈ ਜਦੋਂ ਕਿ ਸਵੈ-ਸੇਵੀ ਸੰਸਥਾਵਾਂ ਜਾਇਜ਼ ਕੰਮਾਂ ਨੂੰ ਘੱਟ ਸਮੇਂ ਵਿੱਚ ਲੋਕਾਂ ਦੀਆਂ ਵੱਖ-ਵੱਖ ਜ਼ਰੂਰਤਾਂ ਦੀ ਪਛਾਣ ਕਰ ਕੇ ਸਹਿਜਤਾ ਨਾਲ ਕਰ ਸਕਦੀਆਂ ਹਨ। ਸੰਕਟਕਾਲੀਨ ਅਤੇ ਆਫਤ ਸੰਭਾਲ ਮੌਕਿਆਂ 'ਤੇ ਗੈਰਸਰਕਾਰੀ ਸੰਸਥਾਵਾਂ ਦੀ ਬਹੁਤ ਜ਼ਰੂਰਤ ਪੈਂਦੀ ਹੈ। ਇਸ ਤੋਂ ਇਲਾਵਾ ਧਾਰਮਿਕ ਤੇ ਮਨੁੱਖੀ ਹਿੱਤਾਂ ਦੀਆਂ ਮੱਦਾਂ ਲਈ ਗੈਰਸਰਕਾਰੀ ਸੰਸਥਾਵਾਂ ਦੀ ਕਾਰਗੁਜ਼ਾਰੀ ਸਰਕਾਰੀ ਤੰਤਰ ਨਾਲੋਂ ਕਿਤੇ ਜ਼ਿਆਦਾ ਵਧੀਆ ਹੁੰਦੀ ਹੈ। ਦੇਸ਼ ਦੇ ਸਾਸ਼ਨ ਪ੍ਰਸਾਸ਼ਨ ਨੂੰ ਬਹੁਪੱਖੀ ਮਸਲੇ ਦਰਪੇਸ਼ ਹੁੰਦੇ ਹਨ। ਸਾਸ਼ਕ ਵਧੇਰ ਕਰਕੇ ਦੇਸ਼ ਦੇ ਵੱਡੇ ਵੱਡੇ ਮਸਲਿਆਂ ਵੱਲ ਕੇਂਦਰਿਤ ਅਤੇ ਸੇਧਿਤ ਰਹਿੰਦੇ ਹਨ ਅਤੇ ਬਹੁਤ ਸਾਰੇ ਛੋਟੇ ਮੋਟੇ ਪਰੰਤੂ ਮਹੱਤਵਪੂਰਣ ਗੱਲਾਂ ਉਨ੍ਹਾਂ ਦੀਆਂ ਤਰਜੀਹਾਂ ਵਿੱਚ ਨਹੀਂ ਆਉਂਦੀਆਂ। ਉਨ੍ਹਾਂ ਪਹਿਲੂਆਂ ਦੀ ਪਕੜ ਗੈਰ ਸਰਕਾਰੀ ਸੰਸਥਾਵਾਂ ਬਖੂਬੀ ਕਰਦੀਆਂ ਹਨ ।

ਇੱਕ ਹੋਰ ਵੱਡੀ ਗੱਲ ਇਹ ਵੀ ਹੈ ਕਿ ਸਵੈ-ਸੇਵੀ ਸੰਸਥਾਵਾਂ ਦੇ ਮੈਂਬਰ ਸਾਹਿਬਾਨ ਕਿਸੇ ਮਸਲੇ ਵਿਸ਼ੇਸ਼ ਵੱਲ ਸਰਕਾਰੀ ਅਮਲੇ ਤੋਂ ਵੱਧ ਸਮੱਰਪਿਤ, ਪ੍ਰਤੀਬਧੱਤ ਅਤੇ ਦਿਆਨਤਦਾਰ ਵੇਖੇ ਜਾਂਦੇ ਹਨ। ਸਰਕਾਰੀ ਤੰਤਰ ਦੀ ਜ਼ਿਆਦਾ ਮਨਸ਼ਾ ਖਾਨਾਪੂਰਤੀ ਕਿਰਦਾਰ ਵਾਲੀ ਹੁੰਦੀ ਹੈ।

ਇਹ ਗੱਲ ਵੀ ਜ਼ਰੂਰੀ ਹੈ ਕਿ ਗੈਰਸਰਕਾਰੀ ਸੰਸਥਾਵਾਂ ਦੇ ਮੈਬਰ ਸਾਹਿਬਾਨ ਸਾਫ ਸੁਥਰੀ ਛਵੀ ਵਾਲੇ ਅਤੇ ਕਿਸੀ ਨਿੱਜੀ ਆਰਥਿਕ ਜਾਂ ਸਿਆਸੀ ਮੁਫਾਦਾਂ ਤੋਂ ਉੱਪਰ ਉੱਠ ਕੇ ਕੰਮ ਕਰਨ ਵਾਲੇ ਹੋਣ ।

ਗੈਰਸਰਕਾਰੀ ਸੰਸਥਾਵਾਂ ਦੀ ਵਧੀਆ ਕਾਰਗੁਜ਼ਾਰੀ ਹੋਣ ਦੇ ਬਾਵਜੂਦ ਸਰਕਾਰ ਵਿੱਚ ਸੱਤਾ ਤੇ ਬਿਰਾਜਮਾਨ ਮੋਹਰੀ ਆਗੂ ਆਪਣੇ ਆਪ ਨੂੰ ਸ੍ਰੇਸ਼ਠ ਮੰਨਦੇ ਹਨ। ਘੌਸ ਵਧੇਰੇ ਕਰਕੇ ਵਡੇਰੀ ਉਮਰ ਦੇ ਵਿਅਕਤੀਆਂ ਰਾਹੀਂ ਹੀ ਚਲਾਈਆਂ ਜਾਂਦੀਆ ਹਨ ਜਿਨ੍ਹਾਂ ਪਾਸ ਜ਼ਿੰਦਗੀ ਦਾ ਲੰਮਾ ਅਨੁਭਵ ਹੁੰਦਾ ਹੈ । ਪਰੰਤੂ ਸਰਕਾਰਾਂ ਘੌਸ ਦੇ ਵੱਡਮੁੱਲੇ ਸੁਝਾਵਾਂ 'ਤੇ ਉੱਕਾ ਸੰਜੀਦਗੀ ਨਹੀਂ ਵਿਖਾਉਂਦੀਆਂ ਸਗੋਂ ਸੁਝਾਵਾਂ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਕੇ ਜੁਆਬ ਤੱਕ ਦੇਣਾ ਵੀ ਜ਼ਰੂਰੀ ਨਹੀਂ ਸਮਝਦੀਆਂ। ਸ਼ਾਇਦ ਦੇਸ਼ ਅਤੇ ਪ੍ਰਾਂਤਾਂ ਦੇ ਮੁਖੀ, ਗੈਰਸਰਕਾਰੀ ਸੰਸਥਾਵਾਂ ਨੂੰ ਅਪਣੇ ਸ਼ਰੀਕ ਸਮਝਦੇ ਹਨ ਅਤੇ ਉਨ੍ਹਾਂ ਦੇ ਵਜ਼ਨਦਾਰ ਸੁਝਾਵਾਂ 'ਤੇ ਅਮਲ ਕਰਨਾ ਅਪਣੀ ਤੌਹੀਨ ਸਮਝਦੇ ਹਨ। ਇਸ ਸਬੰਧੀ ਬਹੁਤ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਪਰੰਤੂ ਇੱਥੇ ਸਰਕਾਰਾਂ ਦੀ ਅਣਦੇਖੀ ਦੀਆਂ ਕੇਵਲ ਦੋ ਮਿਸਾਲਾਂ ਦੇਣਾ ਚਾਹਾਂਗਾ ।

ਮੇਰੀ ਜਾਣੀ ਇੱਕ ਗੈਰਸਰਕਾਰੀ ਸੰਸਥਾ ਵੱਲੋਂ ਇੱਕ ਬੇਨਤੀ ਪੱਤਰ ਕੇਂਦਰ ਸਰਕਾਰ ਨੂੰ ਭੇਜਿਆ ਗਿਆ ਜਿਸ ਵਿੱਚ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਦਿਨੋ ਦਿਨ ਵੱਧ ਰਹੇ ਨਿਘਾਰ ਦੀ ਸਮੱਸਿਆ ਦੇ ਸੁਧਾਰ ਹਿੱਤ ਰਿਹਾਇਸ਼ੀ ਮਕਾਨਾਂ ਦੇ ਬਰਸਾਤੀ ਪਾਣੀ ਦੀ ਰੀਚਾਰਜਿੰਗ ਕਰਨ ਦੀ ਪੇਸ਼ਕਸ਼ ਕੀਤੀ ਗਈ ਅਤੇ ਸਰਕਾਰ ਤੋਂ ਤਕਨੀਕੀ ਸਹਾਇਤਾ ਲੈਣ ਦੀ ਮੰਗ ਕੀਤੀ ਗਈ ਪਰੰਤੂ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਕੇਂਦਰ ਸਰਕਾਰ ਨੇ ਕੋਈ ਜੁਆਬ ਤੱਕ ਦੇਣ ਦੀ ਜ਼ਹਿਮਤ ਨਹੀਂ ਉਠਾਈ। ਦੂਜੀ ਮਿਸਾਲ ਗੈਰਸਰਕਾਰੀ ਸੰਸਥਾ ਵੱਲੋਂ ਪੰਜਾਬ ਦੀ ਪ੍ਰਾਂਤਿਕ ਸਰਕਾਰ ਨੂੰ ਚਿੱਠੀਆਂ ਲਿਖਣ ਦੀ ਹੈ ਜਿਸ ਵਿੱਚ ਖਾਣ-ਪੀਣ ਵਾਲੀਆਂ ਚੀਜ਼ਾਂ ਵਿੱਚ ਹੋ ਰਹੀ ਮਿਲਾਵਟਖੋਰੀ ਅਤੇ ਦੂਸ਼ਿਤ ਤੱਤਾਂ ਦੀ ਵਰਤੋਂ ਦੀ ਰੋਕ ਥਾਮ ਲਈ food testing Labs ਦਾ ਬੁਨਿਆਦੀ ਢਾਂਚਾ ਸੁਧਾਰਨ ਅਤੇ ਆਮ ਸ਼ਹਿਰੀ ਦੀ ਸੌਖੀ ਪਹੁੰਚ ਵਿੱਚ ਆਉਣ ਵਾਲੀਆਂ ਮੋਬਾਇਲ ਫੂਡ ਟੈਸਟਿੰਗ ਵੈਨਾਂ ਸ਼ੁਰੂ ਕਰਨ ਲਈ ਸੰਸਥਾ ਵੱਲੋਂ ਵਾਰ ਵਾਰ ਸੁਝਾਅ ਦਿੱਤੇ ਗਏ ਪਰੰਤੂ ਬਹੁਤ ਨਮੋਸ਼ੀ ਨਾਲ ਲਿਖਣਾ ਪੈ ਰਿਹਾ ਹੈ ਕਿ ਪੰਜਾਬ ਸਰਕਾਰ ਦੇ ਕੰਨਾ ਤੇ ਜੂੰ ਤੱਕ ਨਹੀ ਸਰਕ ਰਹੀ। ਹਾਂ, ਪ੍ਰਾਂਤਵਾਸੀ ਦੂਸ਼ਿਤ ਖਾਣਾ-ਪੀਣਾ ਸੇਵਨ ਕਰਨ ਨਾਲ ਬਿਮਾਰ ਹੋਣ ਤੇ ਬਾਅਦ ਇਲਾਜ ਕਰਵਾਉਣ ਵਾਸਤੇ ਹਸਪਤਾਲਾਂ ਦੀ ਗਿਣਤੀ ਵਧਾਉਣ ਅਤੇ ਰੋਗੀਆਂ ਨੂੰ ਆਰਥਿਕ ਸਹੂਲਤਾਂ ਦੇਣ ਵੱਲ ਧਿਆਨ ਜਰੂਰ ਦੇ ਰਹੀ ਹੈ ।

ਅਸੀਂ ਸਰਕਾਰ ਅੱਗੇ ਸਨਿਮਰ ਬੇਨਤੀ ਕਰਦੇ ਹਾਂ ਕਿ ਆਉਂਦੇ ਬਜਟ ਵਿੱਚ ਇਸ ਸਬੰਧੀ ਢੁਕਵਾਂ ਪ੍ਰਾਵਧਾਨ ਕੀਤਾ ਜਾਵੇ ਅਤੇ ਲੈਬਾਂ ਦੇ ਬੁਨਿਆਦੀ ਢਾਂਚੇ, ਅਮਲੇ ਅਤੇ ਵੈਨਾਂ ਆਦਿ ਵਿੱਚ ਸੁਧਾਰ ਲਿਆਂਦਾ ਜਾਵੇ ਅਤੇ ਸ਼ੁੱਧ ਖਾਧ ਸਮੱਗਰੀ ਦੀ ਉਪਲਬਧਤਾ ਵੱਲ ਸਖਤੀ ਨਾਲ ਪਹਿਰਾ ਦਿੱਤਾ ਜਾਵੇ। ਸਰਕਾਰਾਂ ਨੂੰ ਇਹ ਵੀ ਬੇਨਤੀ ਕਰਨੀ ਚਾਹਾਂਗੇ ਕਿ ਉਹ ਗੈਰਸਰਕਾਰੀ ਸੰਸਥਾਵਾਂ ਦੀ ਅਣਦੇਖੀ ਕਰਨਾ ਬੰਦ ਕਰਨ ਅਤੇ ਉਨ੍ਹਾਂ ਨੂੰ ਲੋਕਰਾਜੀ ਢਾਂਚੇ ਦਾ ਜ਼ਰੂਰੀ ਹਿੱਸਾ ਮੰਨਣ ।

ਫੋਨ-9417189547

* * * * *

## ਅਪੀਲ

- ਸੈਣੀ ਭਵਨ ਰੂਪਨਗਰ ਦੀ ਬਣਤਰ, ਕਾਰਜਵਿਧੀ ਅਤੇ ਗਤੀਵਿਧੀਆਂ ਬਾਰੇ ਜਾਣਨ ਲਈ ਇਸ ਦੇ ਤਿਮਾਹੀ ਮੈਗਜ਼ੀਨ, ਸੈਣੀ ਸੰਸਾਰ ਦੇ ਮੈਂਬਰ ਬਣ ਕੇ ਇਸ ਦੇ ਪਾਠਕ ਬਣੋ।
- ਇਸ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਕੀਤੇ ਜਾਣ ਲਈ ਸੈਣੀ ਬਰਾਦਰੀ ਦੇ ਇਤਿਹਾਸ, ਇਸ ਦੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਲੋੜਾਂ, ਵਿਗਿਆਨਕ ਸੋਧ ਵਾਲੀਆਂ ਸਾਹਿਤਿਕ ਰਚਨਾਵਾਂ, ਆਪਣੇ ਕਾਰੋਬਾਰ ਦੇ ਪ੍ਰਸਿੱਧੀ ਇਸ਼ਤਿਹਾਰ ਅਤੇ ਆਪਣੇ ਵਿਆਹੁਣਯੋਗ ਧੀਆਂ-ਪੁੱਤਰਾਂ ਦੇ ਮੈਟਰੀਮੋਨੀਅਲਜ਼ ਭੇਜੋ।
- ਇਸ ਸੰਸਥਾ ਵਿੱਚ ਚਲਾਏ ਜਾ ਰਹੇ ਸਿਲਾਈ-ਕਢਾਈ ਸੈਂਟਰ, ਬਿਊਟੀਟਿਸ਼ੀਅਨ ਆਰਟ ਸੈਂਟਰ ਅਤੇ ਕੰਪਿਊਟਰ ਸੈਂਟਰ ਤੋਂ ਕਿੱਤਾ ਸਿਖਲਾਈ ਹਾਸਲ ਕਰਨ ਲਈ ਆਪਣੇ ਬੱਚਿਆਂ ਨੂੰ ਦਾਖਲ ਕਰਵਾਓ।
- ਸੈਣੀ ਭਵਨ ਦੀਆਂ ਕਾਰਵਾਈਆਂ ਨਾਲ ਜੁੜਨ ਲਈ ਇਸ ਦੇ ਆਜੀਵਨ ਮੈਂਬਰ ਬਣੋ ਅਤੇ ਇਸ ਦੀਆਂ ਸਮਾਜਸੇਵੀ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਸ਼ਾਮਲ ਹੋਵੋ।
- ਇਸ ਦੀ ਆਰਥਿਕ ਮਦਦ ਲਈ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਦੇ ਬੈਂਕ ਅਕਾਉਂਟ ਨੰ.833562779, IFSCCode IDIB 000R027 Indian Bank Rupnagar ਵਿੱਚ ਪੈਸੇ ਜਮ੍ਹਾਂ ਕਰਵਾਓ।
- ਗਰੀਬ ਤੇ ਹੁਸ਼ਿਆਰ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਬੈਂਕ ਖਾਤਾ ਨੰ.497139854, IFSC Code IDIB 000RO27 Indian bank ਰੂਪਨਗਰ ਵਿੱਚ ਪੈਸੇ ਜਮ੍ਹਾ ਕਰਵਾਓ।
- ਸੈਣੀ ਭਵਨ ਬਾਰੇ ਹਰ ਪ੍ਰਕਾਰ ਦੀ ਸੂਚਨਾ ਲੈਣ ਲਈ ਇਸ ਦੀ ਵੈਬਸਾਈਟ www.sainibhavan.org ਦੀ ਵਰਤੋਂ ਕਰੋ।

# ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ (ਜਨਵਰੀ- ਮਾਰਚ 2026)- ਤਸਵੀਰਾਂ ਦੀ ਜ਼ੁਬਾਨੀ



ਡਾ. ਪੁਨੀਤ ਸੈਣੀ, ਮੈਡੀਕਲ ਅਫ਼ਸਰ, ਸੈਣੀ ਭਵਨ ਰੂਪਨਗਰ ਵਿਖੇ ਮੈਗਜ਼ੀਨ 'ਸੈਣੀ ਸੰਸਾਰ' ਦਾ 59ਵਾਂ ਅੰਕ ਜਾਰੀ ਕਰਦੇ ਹੋਏ।



ਡਾ. ਇਕਬਾਲ ਸਿੰਘ, ਸਰਜੀਕਲ ਮਾਹਰ ਸੈਣੀ ਭਵਨ ਰੂਪਨਗਰ ਵਿਖੇ 25ਵੇਂ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦੇ ਹੋਏ।




ਬਲੱਡ ਬੈਂਕ ਰਿਸੋਰਸ ਸੈਂਟਰ ਚੰਡੀਗੜ੍ਹ ਵੱਲੋਂ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਸਟਾਰ ਬਲੱਡ ਡੋਨਰ ਵਜੋਂ ਸਨਮਾਨਿਤ ਕਰਦੇ ਹੋਏ ਸ਼੍ਰੀ ਮਨੀਸ਼ ਤਿਵਾੜੀ, ਐਮ.ਪੀ.



ਸੈਣੀ ਭਵਨ ਵਿਖੇ ਲੋਹੜੀ ਦਾ ਤਿਉਹਾਰ ਮਨਾਉਂਦੇ ਹੋਏ ਪ੍ਰਬੰਧਕ ਅਤੇ ਸਿੱਖਿਆਰਥਣਾਂ

Estd. 1971

# ਸੈਣੀ ਸੰਸਾਰ
# Saini Sansar

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ